Sacramento County Office of Education
EDUCATION EMPOWERS



# 2023-24

# ਕੋਰਸ ਕੈਟਾਲਾਗ


**ਸੈਕਰਾਮੈਂਟੋ ਕਾਉਂਟੀ ਆਫਿਸ ਆਫ ਐਜੂਕੇਸ਼ਨ**

10474 Mather Blvd., Mather, CA 95655

**ਡਾਕ ਪਤਾ**

PO Box 269003, Sacramento, CA 95826

**ਵੈੱਬਸਾਈਟ**

www.scoe.net

# ਵਿਸ਼ਾ-ਵਸਤੂ


ਸੰਖੇਪ ਜਾਣਕਾਰੀ ........ 4

ਦੋਹਰਾ ਦਾਖਲਾ ਕੀ ਹੈ? ........ 5

ਕੈਰੀਅਰ ਤਕਨੀਕੀ ਸਿੱਖਿਆ (CTE) ਕੋਰਸ ਕਿਉਂ? ........ 5

A-G ਕੋਰਸ ਕੀ ਹੈ? ........ 5

SCOE ਪ੍ਰੋਗਰਾਮ ........ 6

ਕੋਰਸ ਦੇ ਵਿਵਰਣ ........ 9

ਲੌਸ ਰੀਓਸ ਦੋਹਰਾ ਦਾਖਲਾ ਕੋਰਸ ........ 10

ਕਰੀਅਰ ਟੈਕਨੀਕਲ ਐਜੂਕੇਸ਼ਨ (CTE) ........ 13

ਚੋਣਵੇਂ ਵਿਸ਼ੇ ........ 17

ਇੰਗਲਿਸ਼ ਲੈਂਗਵੇਜ ਆਰਟਸ ........ 21

ਹਿਸਟਰੀ-ਸੋਸ਼ਲ ਸਾਇੰਸ ........ 25

ਮੈਥੇਮੈਟਿਕਸ ........ 28

ਵਿਗਿਆਨ ........ 30

ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ (VAPA) ........ 32

# ਸੰਖੇਪ ਜਾਣਕਾਰੀ

ਹਰੇਕ ਸਿਖਿਆਰਥੀ ਲਈ ਵਿੱਦਿਅਕ ਤਜ਼ਰਬਿਆਂ ਨੂੰ ਸਮਰੱਥ ਬਣਾਉਣ ਦੇ ਮੌਕੇ ਅਤੇ ਪਹੁੰਚ ਨੂੰ ਯਕੀਨੀ ਬਣਾਉਣ ਵਾਲੀ ਲੀਡਰਸ਼ਿਪ ਪ੍ਰਦਾਨ ਕਰਨ, ਭਾਈਵਾਲੀ ਬਣਾਉਣ, ਅਤੇ ਨਵੀਨਤਾਕਾਰੀ ਪ੍ਰੋਗਰਾਮਾਂ ਅਤੇ ਨੀਤੀਆਂ ਨੂੰ ਲਾਗੂ ਕਰਨ ਦੇ ਮਿਸ਼ਨ ਦੇ ਨਾਲ, ਸੈਕਰਾਮੈਂਟੋ ਕਾਉਂਟੀ ਆਫਿਸ ਆਫ ਐਜੂਕੇਸ਼ਨ (SCOE) ਕੈਲੀਫੋਰਨੀਆ ਵਿੱਚ ਸਿੱਖਿਆ ਦੇ 58 ਕਾਉਂਟੀ ਦਫਤਰਾਂ ਵਿੱਚੋਂ ਇੱਕ ਹੈ ਜਿੱਥੇ 1,500 ਤੋਂ ਵੱਧ ਸਮਰਪਿਤ ਸਟਾਫ਼ ਮੈਂਬਰ ਸੈਕਰਾਮੈਂਟੋ ਕਾਉਂਟੀ ਸਕੂਲ ਡਿਸਟ੍ਰਿਕਟਾਂ ਨੂੰ ਤਕਨੀਕੀ ਸਹਾਇਤਾ, ਪਾਠਕ੍ਰਮ ਅਤੇ ਸਿੱਖਿਆ ਸੰਬੰਧੀ ਸਹਾਇਤਾ, ਸਟਾਫ਼ ਵਿਕਾਸ, ਕਾਨੂੰਨੀ ਅਤੇ ਵਿੱਤੀ ਸਲਾਹ ਅਤੇ ਨਿਗਰਾਨੀ ਪ੍ਰਦਾਨ ਕਰਨ ਲਈ ਸਾਲ ਭਰ ਕੰਮ ਕਰਦੇ ਹਨ। ਭਾਵੇਂ ਇਹ ਪੇਸ਼ੇਵਰ ਸਿੱਖਣ ਦੀ ਗਤੀਵਿਧੀ, ਅਧਿਆਪਕਾਂ ਲਈ ਸਰੋਤ, ਜਾਂ ਪਰਿਵਾਰਾਂ ਅਤੇ ਸਾਡੇ ਭਾਈਚਾਰੇ ਲਈ ਜਾਣਕਾਰੀ ਹੋਵੇ, ਅਸੀਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਾਂ ਕਿ ਸਕੂਲ ਇੱਕ ਕੁਸ਼ਲ, ਸੇਵਾ-ਅਧਾਰਿਤ ਤਰੀਕੇ ਨਾਲ ਕੰਮ ਕਰਨ ਅਤੇ ਇਸਦੇ ਨਾਲ ਹੀ ਆਖਰੀ ਨਤੀਜੇ 'ਤੇ ਧਿਆਨ ਕੇਂਦਰਿਤ ਕਰਨ: ਵਿਦਿਆਰਥੀ ਦੀ ਪ੍ਰਾਪਤੀ।

SCOE ਦੇ ਕਰਮਚਾਰੀ ਸੈਕਰਾਮੈਂਟੋ ਕਾਉਂਟੀ ਵਿੱਚ 13 ਸਕੂਲੀ ਡਿਸਟ੍ਰਿਕਟਾਂ ਵਿੱਚ 243,000 ਤੋਂ ਵੱਧ ਵਿਦਿਆਰਥੀਆਂ ਲਈ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਿੱਚ ਮਦਦ ਕਰਨ ਵਿੱਚ ਬਹੁਤ ਮਾਣ ਮਹਿਸੂਸ ਕਰਦੇ ਹਨ। ਅਸੀਂ ਆਪਣੇ ਕਾਉਂਟੀ ਸਕੂਲਾਂ ਰਾਹੀਂ 30,000 ਤੋਂ ਵੱਧ ਬੱਚਿਆਂ ਅਤੇ ਬਾਲਗਾਂ ਨੂੰ ਸਿੱਧੇ ਤੌਰ 'ਤੇ ਸਿੱਖਿਆ ਵੀ ਦਿੰਦੇ ਹਾਂ। ਸਾਡੇ ਬਹੁਤ ਸਾਰੇ ਪ੍ਰੋਗਰਾਮ ਅਤੇ ਸੇਵਾਵਾਂ ਕੈਪੀਟਲ ਸਰਵਿਸ ਖੇਤਰ ਦੇ ਅੰਦਰ ਸਕੂਲਾਂ, ਡਿਸਟ੍ਰਿਕਟਾਂ, ਅਤੇ ਸਿੱਖਿਆ ਦੇ ਹੋਰ ਕਾਉਂਟੀ ਦਫਤਰਾਂ ਲਈ ਉਪਲਬਧ ਹਨ, ਜੋ ਕਿ ਅਲਪਾਈਨ, ਕੋਲੂਸਾ, ਐਲ ਡੋਰਾਡੋ, ਨੇਵਾਡਾ, ਪਲੇਸਰ, ਸੈਕਰਾਮੈਂਟੋ, ਸੀਅਰਾ, ਸੂਟਰ, ਯੋਲੋ, ਅਤੇ ਯੂਬਾ ਕਾਉਂਟੀਆਂ ਦਾ 10-ਕਾਉਂਟੀ ਖੇਤਰ ਹੈ। ਕੈਪੀਟਲ ਸਰਵਿਸ ਰੀਜਨ ਵਿੱਚ ਇੱਕ ਪ੍ਰਮੁੱਖ ਆਗੂ ਹੋਣ ਦੇ ਨਾਤੇ, ਸਾਡਾ ਦ੍ਰਿਸ਼ਟੀਕੋਣ ਸਿਖਿਆਰਥੀਆਂ ਨੂੰ ਨਿੱਜੀ ਤੌਰ 'ਤੇ, ਉਹਨਾਂ ਦੇ ਭਾਈਚਾਰਿਆਂ ਵਿੱਚ, ਕਾਲਜ ਵਿੱਚ, ਅਤੇ ਕਰੀਅਰ ਵਿੱਚ ਪ੍ਰਫੁੱਲਤ ਕਰਨ ਲਈ ਸਮਰੱਥ ਬਣਾਉਣਾ, ਪ੍ਰੇਰਿਤ ਕਰਨਾ ਅਤੇ ਮਾਰਗ ਪ੍ਰਦਾਨ ਕਰਨਾ ਹੈ।



**ਸੈਕਰਾਮੈਂਟੋ ਕਾਉਂਟੀ ਦੇ ਸੁਪਰਿਨਟੈਨਡੈਂਟ ਡੇਵ ਗੋਰਡਨ (Dave Gordon) ਦਾ ਸੁਨੇਹਾ**

ਸੈਕਰਾਮੈਂਟੋ ਕਾਉਂਟੀ ਦੇ ਸਕੂਲਾਂ ਦੇ ਸੁਪਰਿਨਟੈਨਡੈਂਟ ਹੋਣ ਦੇ ਨਾਤੇ, ਪੜ੍ਹਾਈ ਅਤੇ ਵਿਦਿਆਰਥੀ ਦੀ ਪ੍ਰਾਪਤੀ ਲਈ ਹਰੇਕ ਬੱਚੇ ਦੀ ਸੁਰੱਖਿਆ ਅਤੇ ਤੰਦਰੁਸਤੀ ਮਹੱਤਵਪੂਰਨ ਹੈ। ਮੇਰਾ ਮੰਨਣਾ ਹੈ ਕਿ ਸਿੱਖਿਆ ਸ਼ਕਤੀ ਪ੍ਰਦਾਨ ਕਰਦੀ ਹੈ, ਅਤੇ ਸਮੂਹਿਕ ਤੌਰ 'ਤੇ, ਸਾਡਾ ਕੰਮ ਸਾਡੇ ਨੌਜਵਾਨਾਂ ਨੂੰ ਮਾਣਯੋਗ ਨਾਗਰਿਕ, ਸਾਡੇ ਭਾਈਚਾਰੇ ਲਈ ਯੋਗਦਾਨ ਪਾਉਣ ਵਾਲੇ, ਅਤੇ ਸਭ ਤੋਂ ਵੱਧ, ਜੀਵਨ ਭਰ ਸਕਾਰਾਤਮਕ ਪ੍ਰਭਾਵਕ ਬਣਨ ਲਈ ਤਿਆਰ ਕਰਨਾ ਹੈ। ਅਸੀਂ SCOE ਵਿਖੇ ਪੜ੍ਹਾਈ ਲਈ ਬਰਾਬਰ ਪਹੁੰਚ ਪ੍ਰਦਾਨ ਕਰਕੇ ਆਪਣੇ ਵਿਦਿਆਰਥੀਆਂ ਨੂੰ ਇਹਨਾਂ ਭਵਿੱਖੀ ਭੂਮਿਕਾਵਾਂ ਦੇ ਸਮਰੱਥ ਬਣਾਉਣ ਵਿੱਚ ਮਦਦ ਕਰਦੇ ਹਾਂ। ਸਾਡੇ ਕੋਰਸ ਕੈਟਾਲਾਗ ਦੇ ਨਾਲ, ਅਸੀਂ ਆਪਣੇ ਵਿਦਿਆਰਥੀਆਂ ਨੂੰ ਅਕਾਦਮਿਕ ਸਫਲਤਾ ਪ੍ਰਾਪਤ ਕਰਨ ਅਤੇ ਕਾਲਜ ਦੀ ਤਿਆਰੀ ਲਈ ਉਹਨਾਂ ਦਾ ਮਾਰਗਦਰਸ਼ਨ ਕਰਨ ਵਿੱਚ ਮਦਦ ਕਰਨ ਦੇ ਉਦੇਸ਼ ਨਾਲ ਕੀਮਤੀ ਜਾਣਕਾਰੀ ਪ੍ਰਦਾਨ ਕਰਦੇ ਹਾਂ। ਮੈਂ ਹਰੇਕ ਵਿਦਿਆਰਥੀ ਨੂੰ ਵਿਅਕਤੀਗਤ ਬਣਾਈ ਵਿਦਿਆਰਥੀ ਸਫਲਤਾ ਯੋਜਨਾ ਤਿਆਰ ਕਰਨ ਲਈ ਇਸ ਕੋਰਸ ਕੈਟਾਲਾਗ ਅਤੇ ਵਿੱਚ ਦਿੱਤੀ

# ਸੰਖੇਪ ਜਾਣਕਾਰੀ

### ਦੋਹਰਾ ਦਾਖਲਾ ਕੀ ਹੈ?

ਦੋਹਰਾ ਦਾਖਲਾ ਪ੍ਰੋਗਰਾਮਿੰਗ ਦੁਆਰਾ ਪੇਸ਼ ਕੀਤੇ ਗਏ ਕੋਰਸ ਦਾ ਮਕਸਦ, ਕਾਲਜ ਅਤੇ ਉਸ ਤੋਂ ਬਾਅਦ ਲਈ ਸਪੱਸ਼ਟ ਅਤੇ ਪ੍ਰਾਪਤੀ ਯੋਗ ਮਾਰਗ ਪ੍ਰਦਾਨ ਕਰਕੇ, ਵਿਦਿਆਰਥੀਆਂ, ਖਾਸ ਤੌਰ 'ਤੇ ਇਤਿਹਾਸਕ ਤੌਰ 'ਤੇ ਘੱਟ ਸੇਵਾ ਪ੍ਰਾਪਤ ਕਰਨ ਵਾਲੀਆਂ ਆਬਾਦੀਆਂ ਦੇ ਵਿਦਿਆਰਥੀਆਂ ਲਈ ਉੱਚ ਸਿੱਖਿਆ ਤੱਕ ਬਰਾਬਰ ਪਹੁੰਚ ਅਤੇ ਸਫਲਤਾ ਦੇਣਾ ਹੈ।

### ਕੈਰੀਅਰ ਤਕਨੀਕੀ ਸਿੱਖਿਆ (CTE) ਕੋਰਸ ਕਿਉਂ?

CTE ਕੋਰਸ ਵਿਦਿਆਰਥੀਆਂ ਨੂੰ ਕੈਰੀਅਰ ਜਾਂ ਵਪਾਰ ਦੀ ਪੜਚੋਲ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ ਜਿੱਥੇ ਉਹ ਨਵੇਂ ਹੁਨਰ ਖੋਜ ਸਕਦੇ ਹਨ ਅਤੇ ਕੀਮਤੀ, ਅਸਲ-ਜੀਵਨ ਕੰਮ ਦਾ ਤਜਰਬਾ ਹਾਸਲ ਕਰ ਸਕਦੇ ਹਨ। CTE ਕੋਰਸ ਲੈਣ ਨਾਲ ਵਿਦਿਆਰਥੀਆਂ ਨੂੰ ਭਵਿੱਖ ਦੇ ਕੰਮ ਅਤੇ ਕਰੀਅਰ ਦੀਆਂ ਚੋਣਾਂ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਇਹ ਪੂਰਾ ਕਰਨ ਵਾਲਿਆਂ ਨੂੰ ਉਹਨਾਂ ਦੇ ਕੰਮ ਦੀ ਥਾਂ ਅਤੇ ਉੱਚ ਸਿੱਖਿਆ ਵਿੱਚ ਇੱਕ ਮੁਕਾਬਲੇਦਾਰ ਫਾਇਦਾ ਪੇਸ਼ ਕਰਦਾ ਹੈ।

### A-G ਕੋਰਸ ਕੀ ਹੈ?

"a-g" ਵਿਸ਼ੇ ਦੀ ਲੋੜ ਦਾ ਇਰਾਦਾ ਇਹ ਯਕੀਨੀ ਬਣਾਉਣਾ ਹੈ ਕਿ ਵਿਦਿਆਰਥੀ ਯੂਨੀਵਰਸਿਟੀ ਪੱਧਰ 'ਤੇ ਪਹਿਲੇ ਸਾਲ ਦੇ ਪ੍ਰੋਗਰਾਮ ਵਿੱਚ ਅਧਿਐਨ ਦੇ ਵਿਵਿਧ ਖੇਤਰਾਂ ਵਿੱਚ ਪੂਰੀ ਤਰ੍ਹਾਂ ਹਿੱਸਾ ਲੈ ਸਕਦੇ ਹਨ; ਇਸ ਲੋੜ ਨੂੰ ਪੂਰਾ ਕਰਨ ਲਈ, ਵਿਦਿਆਰਥੀਆਂ ਲਈ "a-g" ਵਿਸ਼ੇ ਦੇ ਕੋਰਸਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ:

- a = ਹਿਸਟਰੀ/ਸੋਸ਼ਲ ਸਾਇੰਸ
- b = ਇੰਗਲਿਸ਼
- c = ਮੈਥੇਮੈਟਿਕਸ
- d = ਲੈਬੋਰਟਰੀ ਦੇ ਨਾਲ ਸਾਇੰਸ
- e = ਵਿਦੇਸ਼ੀ/ਵਿਸ਼ਵ ਭਾਸ਼ਾ
- f = ਵਿਜ਼ੂਅਲ ਐਂਡ ਪਰਫ਼ਾਰਮਿੰਗ ਆਰਟਸ
- g = ਚੋਣਵਾਂ

# SCOE ਪ੍ਰੋਗਰਾਮ

### ਅਲ ਸੈਂਟਰੋ ਜੂਨੀਅਰ/ਸੀਨੀਅਰ ਹਾਈ ਸਕੂਲ

ਅਲ ਸੈਂਟਰੋ ਜੂਨੀਅਰ/ਸੀਨੀਅਰ ਸੈਕਰਾਮੈਂਟੋ ਕਾਉਂਟੀ ਪ੍ਰੋਬੇਸ਼ਨ ਨਾਲ ਸਾਂਝੇਦਾਰੀ ਰਾਹੀਂ ਸੈਕਰਾਮੈਂਟੋ ਕਾਉਂਟੀ ਆਫਿਸ ਆਫ਼ ਐਜੂਕੇਸ਼ਨ (SCOE) ਦੁਆਰਾ ਸੰਚਾਲਿਤ ਹਾਈ ਸਕੂਲ, ਵੈਸਟਰਨ ਐਸੋਸੀਏਸ਼ਨ ਆਫ਼ ਸਕੂਲਜ਼ ਐਂਡ ਕਾਲਜਿਜ਼ (WASC) ਦੁਆਰਾ ਮਾਨਤਾ ਪ੍ਰਾਪਤ ਹੈ। ਅਸੀਂ ਵਿਦਿਆਰਥੀਆਂ ਨੂੰ ਹਾਈ ਸਕੂਲ ਡਿਪਲੋਮਾ, ਹਾਈ ਸਕੂਲ ਇਕਿਵਲੈਂਸੀ ਟੈਸਟ (HiSET), ਐਸੋਸੀਏਟ ਡਿਗਰੀ, ਅਤੇ/ਜਾਂ ਕਰੀਅਰ ਦੀ ਤਿਆਰੀ ਲਈ ਵਿਦਿਅਕ ਵਿਕਲਪ ਪ੍ਰਦਾਨ ਕਰਦੇ ਹਾਂ।

ਅਲ ਸੈਂਟਰੋ ਜੂਨੀਅਰ/ਸੀਨੀਅਰ ਹਾਈ ਸਕੂਲ ਕੈਲੀਫੋਰਨੀਆ ਸਟੇਟ ਬੋਰਡ ਆਫ਼ ਐਜੂਕੇਸ਼ਨ ਦੁਆਰਾ ਅਪਣਾਏ ਗਏ ਪਾਠਕ੍ਰਮ ਦੀ ਵਰਤੋਂ ਕਰਦਾ ਹੈ, ਅਤੇ ਸਾਰੇ ਅਧਿਆਪਕਾਂ ਨੂੰ ਪ੍ਰਮਾਣਿਤ ਕੀਤਾ ਜਾਂਦਾ ਹੈ। ਅਸੀਂ ਸਾਲ ਭਰ ਲਈ ਸਿੱਖਿਆ ਪ੍ਰਦਾਨ ਕਰਦੇ ਹਾਂ, ਅਤੇ ਵਿਦਿਆਰਥੀ ਪ੍ਰਤੀ ਦਿਨ ਪੰਜ ਪੀਰੀਅਡਾਂ ਲਈ ਸਕੂਲ ਜਾਂਦੇ ਹਨ।




### ਲੀਓ ਏ. ਪਾਲਮੀਟਰ ਜੂਨੀਅਰ/ਸੀਨੀਅਰ ਹਾਈ ਸਕੂਲ

ਲੀਓ ਏ. ਪਾਲਮੀਟਰ ਜੂਨੀਅਰ/ਸੀਨੀਅਰ ਹਾਈ ਸਕੂਲ ਸਹਾਇਤਾ ਵਾਲੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਦਾ ਹੈ। ਸਾਡਾ ਪ੍ਰੋਗਰਾਮ ਸਾਡੇ ਵਿਦਿਆਰਥੀਆਂ ਦੀਆਂ ਵਿਲੱਖਣ ਵਿਦਿਅਕ, ਵਿਹਾਰਕ, ਅਤੇ ਮਾਨਸਿਕ ਸਿਹਤ ਲੋੜਾਂ ਨੂੰ ਪੂਰਾ ਕਰਦਾ ਹੈ ਅਤੇ ਕਈ ਤਰ੍ਹਾਂ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ ਜੋ ਸਿੱਖਣ ਦੇ ਇੱਕ ਸਕਾਰਾਤਮਕ ਮਾਹੌਲ ਨੂੰ ਉਤਸ਼ਾਹਿਤ ਕਰਦੀਆਂ ਹਨ। ਵਿਦਿਆਰਥੀਆਂ ਨੂੰ ਸਿੱਧੇ ਤੌਰ 'ਤੇ ਉਹਨਾਂ ਸਥਾਨਕ ਸਕੂਲ ਡਿਸਟ੍ਰਿਕਟਾਂ ਤੋਂ ਰੈਫਰ ਕੀਤਾ ਜਾਂਦਾ ਹੈ ਜੋ ਵਧੇਰੇ ਉੱਚ ਸੰਰਚਨਾ ਵਾਲੇ ਵਿਹਾਰਕ ਸਹਾਇਤਾ ਪ੍ਰੋਗਰਾਮ ਦੇ ਨਾਲ-ਨਾਲ ਇੰਟਰਨਸ਼ਿਪ ਅਤੇ ਕੰਮ ਦੇ ਤਜਰਬੇ ਵਰਗੇ ਕਿੱਤਾਮੁਖੀ ਮੌਕੇ ਪ੍ਰਦਾਨ ਨਹੀਂ ਕਰ ਸਕਦੇ ਹਨ। ਸਕੂਲ ਦੇ ਮਨੋਵਿਗਿਆਨੀ ਵਿਦਿਅਕ ਤੌਰ 'ਤੇ ਸੰਬੰਧਿਤ ਮਾਨਸਿਕ ਸਿਹਤ ਸੇਵਾਵਾਂ (ERMHS) ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਇੱਕ ਮਿਆਰ-ਅਧਾਰਤ ਵਿਦਿਅਕ ਪ੍ਰੋਗਰਾਮ ਪ੍ਰਦਾਨ ਕੀਤਾ ਜਾਂਦਾ ਹੈ ਜੋ ਇੱਕ ਮਜ਼ਬੂਤ ਕਰੀਅਰ ਤਕਨੀਕੀ ਜ਼ੋਰ ਦੁਆਰਾ ਸਮਰਥਤ ਹੁੰਦਾ ਹੈ। ਕੋਰਸਵਰਕ ਦਾ ਕਰੀਅਰ ਟੈਕਨੀਕਲ ਐਜੂਕੇਸ਼ਨ (CTE) ਪ੍ਰੋਗਰਾਮਾਂ, ਜਿਵੇਂ ਕਿ ਪਾਕ ਕਲਾ ਅਤੇ ਪਰਾਹੁਣਚਾਰੀ, ਬਾਗਬਾਨੀ, ਅਤੇ ਨੋਰਥ ਕੈਲੀਫੋਰਨੀਆ ਕਨਸਟ੍ਰਕਸ਼ਨ ਟ੍ਰੇਨਿੰਗ (NCCT) ਨਾਲ ਤਾਲਮੇਲ ਕੀਤਾ ਜਾਂਦਾ ਹੈ।

# SCOE ਪ੍ਰੋਗਰਾਮ

## SCOE ਸੀਨੀਅਰ ਐਕਸਟੈਂਸ਼ਨ

ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ, ਸੈਕਰਾਮੈਂਟੋ ਕਾਉਂਟੀ ਆਫ਼ਿਸ ਆਫ਼ ਐਜੂਕੇਸ਼ਨ ਸੀਨੀਅਰ ਐਕਸਟੈਂਸ਼ਨ ਪ੍ਰੋਗਰਾਮ ਦੀ ਪੇਸ਼ਕਸ਼ ਕਰਦਾ ਹੈ। 17-21 ਸਾਲ ਦੀ ਉਮਰ ਦੇ ਨੌਜਵਾਨ ਬਾਲਗ ਵਿਦਿਆਰਥੀ, ਜੋ ਲਗਾਤਾਰ ਹਾਈ ਸਕੂਲ ਵਿੱਚ ਦਾਖਲ ਹੁੰਦੇ ਰਹੇ ਹਨ, ਆਪਣੀ ਵਿਸ਼ੇਸ਼ ਸਮਾਂ-ਸਾਰਣੀ ਲੋੜਾਂ ਨੂੰ ਪੂਰਾ ਕਰਨ ਲਈ ਵਧੇਰੇ ਲਚਕਦਾਰ ਆਧਾਰ 'ਤੇ ਇਸ ਸਕੂਲ ਵਿੱਚ ਜਾ ਸਕਦੇ ਹਨ।

ਸੀਨੀਅਰ ਐਕਸਟੈਂਸ਼ਨ ਪ੍ਰੋਗਰਾਮ ਨੌਜਵਾਨ ਬਾਲਗ ਵਿਦਿਆਰਥੀਆਂ ਨੂੰ ਉਸ ਸਮੇਂ ਨੂੰ ਵਧਾਉਣ ਦੀ ਇਜਾਜ਼ਤ ਦਿੰਦਾ ਹੈ ਜਦੋਂ ਉਹ ਹਾਈ ਸਕੂਲ ਵਿੱਚ ਰਹਿ ਸਕਦੇ ਹਨ। ਸੈਕਰਾਮੈਂਟੋ ਕਾਉਂਟੀ ਆਫਿਸ ਆਫ਼ ਐਜੂਕੇਸ਼ਨ ਦਾ ਮੰਨਣਾ ਹੈ ਕਿ ਇਹ ਪ੍ਰੋਗਰਾਮ ਗੈਰ-ਹਾਜ਼ਰ ਹੋਣ ਅਤੇ ਸਕੂਲ ਛੱਡਣ ਦੀਆਂ ਦਰਾਂ ਨੂੰ ਘੱਟ ਕਰਦਾ ਹੈ। ਇਸ ਤੋਂ ਇਲਾਵਾ, ਵਧੇਰੇ ਵਿਅਕਤੀਗਤ ਪਹੁੰਚ ਅਤੇ ਹਰੇਕ ਵਿਦਿਆਰਥੀ ਦੀਆਂ ਵਿਅਕਤੀਗਤ ਲੋੜਾਂ ਨੂੰ ਸੰਬੋਧਿਤ ਕਰਨ ਵਾਲੇ ਇੱਕ ਸਟਾਫ ਦੇ ਨਾਲ, ਹਾਈ ਸਕੂਲ ਦੀ ਸਫਲਤਾਪੂਰਵਕ ਪੂਰਤੀ ਅਤੇ ਕਾਲਜ, ਫੌਜ, ਜਾਂ ਕਰਮਚਾਰੀ ਬਲ ਵਿੱਚ ਤਬਦੀਲ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

## SCOE ਕਮਿਊਨਿਟੀ ਸਕੂਲ

ਸੈਕਰਾਮੈਂਟੋ ਕਾਉਂਟੀ ਬੋਰਡ ਆਫ਼ ਐਜੂਕੇਸ਼ਨ ਨੇ ਵੱਖ-ਵੱਖ ਸੈਕਰਾਮੈਂਟੋ ਕਾਉਂਟੀ ਸਕੂਲ ਡਿਸਟ੍ਰਿਕਟਾਂ ਦੇ ਵਿਦਿਆਰਥੀਆਂ ਲਈ ਇੱਕ ਵਿਕਲਪਿਕ ਵਿਦਿਅਕ ਪ੍ਰੋਗਰਾਮ ਪ੍ਰਦਾਨ ਕਰਨ ਲਈ ਕਮਿਊਨਿਟੀ ਸਕੂਲਾਂ ਦੀ ਸਥਾਪਨਾ ਕੀਤੀ। ਡਿਸਟ੍ਰਿਕਟਾਂ ਉਹਨਾਂ ਵਿਦਿਆਰਥੀਆਂ ਦਾ ਹਵਾਲਾ ਦੇ ਸਕਦੀਆਂ ਹਨ ਜਿਨ੍ਹਾਂ ਨੂੰ ਕੱਢ ਦਿੱਤਾ ਗਿਆ ਹੈ। ਵਿਦਿਆਰਥੀਆਂ ਨੂੰ SARB (ਸਕੂਲ ਅਟੈਂਡੈਂਸ ਰਿਵਿਊ ਬੋਰਡ) ਦੀਆਂ ਸਿਫ਼ਾਰਸ਼ਾਂ ਕਰਕੇ, ਜਾਂ ਸੈਕਰਾਮੈਂਟੋ ਕਾਉਂਟੀ ਪ੍ਰੋਬੇਸ਼ਨ ਵਿਭਾਗ ਤੋਂ ਰੈਫ਼ਰਲ ਕਰਕੇ ਰੈਫਰ ਕੀਤਾ ਜਾ ਸਕਦਾ ਹੈ। ਕ੍ਰੈਡਿਟ ਰਿਕਵਰੀ ਜਾਂ ਵਿਵਹਾਰ ਸੰਬੰਧੀ ਕਾਰਨਾਂ ਲਈ ਮਾਪੇ ਸਾਂਝੇ ਤੌਰ 'ਤੇ ਵਿਦਿਆਰਥੀਆਂ ਨੂੰ ਕਮਿਊਨਿਟੀ ਸਕੂਲਾਂ ਵਿੱਚ ਭੇਜਣ ਲਈ ਡਿਸਟ੍ਰਿਕਟਾਂ ਨਾਲ ਵੀ ਸਹਿਯੋਗ ਕਰ ਸਕਦੇ ਹਨ। ਕਮਿਊਨਿਟੀ ਸਕੂਲ ਕੈਲੀਫੋਰਨੀਆ ਐਜੂਕੇਸ਼ਨ ਕੋਡ ਦੁਆਰਾ ਲਾਜ਼ਮੀ ਹਨ ਅਤੇ ਸਿੱਖਿਆ ਦੇ ਮਿਆਰਾਂ ਨਾਲ ਮੇਲ ਖਾਂਦੀ ਕੋਰ ਅਕਾਦਮਿਕ ਅਤੇ ਦਖਲਅੰਦਾਜ਼ੀ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਅਤਿਰਿਕਤ ਸਹਾਇਤਾ ਅਤੇ ਪਲੇਸਮੈਂਟ, ਮਾਨਸਿਕ ਸਿਹਤ ਅਤੇ ਤੰਦਰੁਸਤੀ ਸਲਾਹਕਾਰ ਕਾਊਂਸਲਿੰਗ ਤੱਕ ਪਹੁੰਚ, ਅਤੇ ਕਰੀਅਰ ਦੀ ਖੋਜ ਅਤੇ ਕਰੀਅਰ ਤਕਨੀਕੀ ਸਿੱਖਿਆ (CTE) ਕੋਰਸਾਂ ਦਾ ਮੌਕਾ ਮਿਲਦਾ ਹੈ।

**ਸਕੂਲ ਦੀਆਂ ਸਾਈਟਾਂ**

- ਐਲਿਨੋਰ ਲਿੰਕਨ ਹਿਕੀ ਜੂਨੀਅਰ/ਸੀਨੀਅਰ ਹਾਈ ਸਕੂਲ
- ਨਥਾਨਿਏਲ ਐਸ. ਕੋਲੀ, ਸੀਨੀਅਰ ਜੂਨੀਅਰ/ਸੀਨੀਅਰ ਹਾਈ ਸਕੂਲ
- ਨੋਰਥ ਏਰੀਆ ਕਮਿਊਨਿਟੀ ਸਕੂਲ

# SCOE ਪ੍ਰੋਗਰਾਮ

### ਸਟ੍ਰੋਂਗ ਵਰਕਫੋਰਸ ਵਰਚੁਅਲ ਕਰੀਅਰ ਪਾਥਵੇਜ਼

ਸਟ੍ਰੋਂਗ ਵਰਕਫੋਰਸ ਵਰਚੁਅਲ ਕਰੀਅਰ ਪਾਥਵੇਜ਼ (SWVCP) ਪ੍ਰੋਗਰਾਮ ਉਹਨਾਂ ਵਿਦਿਆਰਥੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜਿਨ੍ਹਾਂ ਕੋਲ ਕੈਰੀਅਰ ਤਕਨੀਕੀ ਸਿੱਖਿਆ ਤੱਕ ਪਹੁੰਚ ਨਹੀਂ ਹੈ। ਉਦੇਸ਼ ਸਥਾਨਕ ਵਿਆਪਕ ਹਾਈ ਸਕੂਲਾਂ ਵਿੱਚ ਪੇਸ਼ ਕੀਤੇ ਜਾਂਦੇ ਮੌਜੂਦਾ CTE ਕੋਰਸਾਂ ਨਾਲ ਮੁਕਾਬਲਾ ਕਰਨਾ ਨਹੀਂ ਹੈ, ਸਗੋਂ ਉਹਨਾਂ ਵਿਦਿਆਰਥੀਆਂ ਨੂੰ ਵਿਕਲਪਕ ਸਿੱਖਿਆ ਸਥਾਨਾਂ ਵਿੱਚ ਸੇਵਾ ਦੇਣਾ ਹੈ ਜਿਨ੍ਹਾਂ ਨੂੰ CTE ਕੋਰਸਵਰਕ ਵਿੱਚ ਹਿੱਸਾ ਲੈਣ ਦਾ ਮੌਕਾ ਨਹੀਂ ਮਿਲ ਸਕਦਾ ਹੈ। SWVCP ਪ੍ਰੋਗਰਾਮ ਔਨਲਾਈਨ ਪੇਸ਼ ਕੀਤਾ ਜਾਂਦਾ ਹੈ ਅਤੇ ਸੈਕਰਾਮੈਂਟੋ ਅਤੇ ਉੱਤਰੀ ਕੈਲੀਫੋਰਨੀਆ ਖੇਤਰਾਂ ਵਿੱਚ ਵਿਦਿਆਰਥੀਆਂ ਨੂੰ ਸੇਵਾ ਦਿੰਦਾ ਹੈ।

### ਵੈਲੀ ਓਕ ਯੂਥ ਅਕੈਡਮੀ (VOYA)

ਸਮਰਪਿਤ ਅਤੇ ਸੱਭਿਆਚਾਰਕ ਤੌਰ 'ਤੇ ਜਵਾਬਦੇਹ ਪ੍ਰੋਬੇਸ਼ਨ ਸਟਾਫ, ਕਾਨਟ੍ਰੈਕਟ ਕਰਮਚਾਰੀਆਂ, ਅਤੇ ਕਮਿਊਨਿਟੀ-ਆਧਾਰਿਤ ਸੰਸਥਾਵਾਂ ਦੇ 100 ਤੋਂ ਵੱਧ ਵਾਲੰਟੀਅਰਾਂ ਵਿਚਕਾਰ ਸਹਿਯੋਗ ਨਾਲ, VOYA ਨੌਜਵਾਨਾਂ ਨੂੰ ਪ੍ਰੋਗਰਾਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਪ੍ਰਦਾਨ ਕਰਦਾ ਹੈ। ਸਬੂਤ-ਆਧਾਰਿਤ ਪ੍ਰੋਗਰਾਮ ਸਮਾਜ-ਪੱਖੀ ਹੁਨਰਾਂ ਨੂੰ ਮਜ਼ਬੂਤ ਕਰਨ, ਆਤਮ-ਵਿਸ਼ਵਾਸ ਵਧਾਉਣ, ਸਮੱਸਿਆ ਹੱਲ ਕਰਨ, ਫੈਸਲੇ ਲੈਣ ਦੀ ਯੋਗਤਾ, ਅਤੇ ਸਰੀਰਕ ਅਤੇ ਅਕਾਦਮਿਕ ਪ੍ਰਦਰਸ਼ਨ ਨੂੰ ਵਧਾਉਣ 'ਤੇ ਧਿਆਨ ਕੇਂਦ੍ਰਿਤ ਕਰਦੇ ਹਨ। ਇਹ ਪ੍ਰੋਗਰਾਮ ਸਕਾਰਾਤਮਕ ਨਤੀਜਿਆਂ ਲਈ ਮੌਕੇ ਪ੍ਰਦਾਨ ਕਰਦੇ ਹਨ ਜੋ ਹਿਰਾਸਤ ਤੋਂ ਰਿਹਾਅ ਹੋਣ 'ਤੇ ਮੁੜ ਵਸੇਬੇ ਅਤੇ ਪੁਨਰ ਏਕੀਕਰਨ ਵੱਲ ਕੰਮ ਕਰਦੇ ਹਨ। ਇਹਨਾਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, VOYA ਪ੍ਰੋਗਰਾਮ ਦੇ ਟੀਚੇ ਬਾਲਗ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਨੌਜਵਾਨਾਂ ਦੇ ਤਬਾਦਲੇ ਨੂੰ ਘਟਾ ਕੇ, ਨਸਲੀ ਅਤੇ ਜਾਤੀ ਅਸਮਾਨਤਾਵਾਂ ਨੂੰ ਘਟਾ ਕੇ, ਅਤੇ ਨਾਬਾਲਗ ਨਿਆਂ ਪ੍ਰਣਾਲੀ ਵਿੱਚ ਕੈਦ ਨੂੰ ਘਟਾ ਕੇ ਜਨਤਕ ਸੁਰੱਖਿਆ ਨੂੰ ਵਧਾਉਣਾ ਹੈ।

ਅਸੀਂ ਸਥਾਨਕ ਤੌਰ 'ਤੇ ਨੌਜਵਾਨਾਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਸੰਬੋਧਿਤ ਕਰ ਸਕਦੇ ਹਾਂ ਜੋ ਨਹੀਂ ਤਾਂ ਪੂਰੇ ਕੈਲੀਫੋਰਨੀਆ ਵਿੱਚ ਰਾਜ ਦੀਆਂ ਸਹੂਲਤਾਂ ਲਈ ਵਚਨਬੱਧ ਹੋਣਗੇ ਅਤੇ ਉੱਥੇ ਭੇਜੇ ਜਾਣਗੇ। ਸੈਕਰਾਮੈਂਟੋ ਕਾਉਂਟੀ ਦੇ ਨੌਜਵਾਨ ਹੁਣ ਸਾਡੇ ਭਾਈਚਾਰੇ, ਪਰਿਵਾਰ, ਦੋਸਤਾਂ, ਪ੍ਰਦਾਤਾਵਾਂ, ਡਾਕਟਰੀ ਕਰਮਚਾਰੀਆਂ, ਅਧਿਆਪਕਾਂ, ਧਾਰਮਿਕ ਆਗੂਆਂ, ਅਤੇ ਪ੍ਰੋਬੇਸ਼ਨ ਅਫਸਰਾਂ ਦੇ ਨੇੜੇ ਰਹਿਣਗੇ ਜੋ ਵਿਅਕਤੀਗਤ ਲੋੜਾਂ, ਇਲਾਜ, ਅਤੇ ਕਿਸ਼ੋਰਾਂ ਦੇ ਵਿਵਹਾਰ ਦਾ ਸਮਰਥਨ ਕਰਨ ਦੇ ਸਭ ਤੋਂ ਵਧੀਆ ਤਰੀਕੇ ਨੂੰ ਸਮਝਦੇ ਹਨ। ਸਾਡਾ ਮੰਨਣਾ ਹੈ ਕਿ ਇਸਦਾ ਨਤੀਜਾ ਸਕਾਰਾਤਮਕ/ਸਫ਼ਲ ਸਿੱਟਾ ਹੋਵੇਗਾ।

Sacramento County Office of Education
EDUCATION EMPOWERS

# ਕੋਰਸ ਦੇ ਵਿਵਰਣ

# ਲੌਸ ਰੀਓਸ ਦੋਹਰਾ ਦਾਖਲਾ ਕੋਰਸ

### BUS 300 ਕਾਰੋਬਾਰ ਨਾਲ ਜਾਣ-ਪਛਾਣ

ਕੋਸਮਨੇਸ ਰਿਵਰ ਕਾਲਜ

**ਯੂਨਿਟ:** 3

**ਗ੍ਰੇਡ:** 9-12 **ਮਿਆਦ:** ਸਮੈਸਟਰ/ 54 ਘੰਟੇ LEC

**ਟ੍ਰਾਂਸਫਰਯੋਗ:** ਕੋਰਸ UC/CSU ਵਿੱਚ ਟ੍ਰਾਂਸਫਰ ਹੋ ਸਕਦਾ ਹੈ

**ਆਮ ਸਿੱਖਿਆ:** AA-AS ਖੇਤਰ V(b)

**ਕੋਰਸ ਦਾ ਵਰਣਨ:** ਇਹ ਕੋਰਸ ਅਕਾਉਂਟਿੰਗ, ਕਾਨੂੰਨ, ਮਨੁੱਖੀ ਸਰੋਤ, ਪ੍ਰਬੰਧਨ, ਮਾਰਕੀਟਿੰਗ, ਅਰਥ ਸ਼ਾਸਤਰ ਅਤੇ ਵਿੱਤ ਸਮੇਤ ਸਾਰੇ ਕਾਰੋਬਾਰੀ ਖੇਤਰਾਂ ਦਾ ਸਰਵੇਖਣ ਪ੍ਰਦਾਨ ਕਰਦਾ ਹੈ। ਕੋਰਸ ਕਾਰੋਬਾਰ ਵਿੱਚ ਦਿਲਚਸਪੀ ਰੱਖਣ ਵਾਲੇ ਸਾਰੇ ਸ਼ੁਰੂਆਤੀ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ ਹੈ। ਇਹ ਬਿਜ਼ਨਸ ਮੇਜਰ ਲਈ ਇੱਕ ਮੁੱਖ ਲੋੜ ਹੈ। ਇਹ ਕੋਰਸ ਇੱਕ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੈ ਜੋ ਅਕਸਰ ਕਾਰੋਬਾਰ ਦੇ ਖੇਤਰ ਵਿੱਚ ਇੱਕ ਖਾਸ ਕਰੀਅਰ ਦੀ ਚੋਣ ਵਿੱਚ ਵਿਦਿਆਰਥੀਆਂ ਸਹਾਇਤਾ ਕਰਨ ਵਿੱਚ ਬਹੁਤ ਮਦਦਗਾਰ ਹੁੰਦੀ ਹੈ।

### HM 310 ਸੈਨੀਟੇਸ਼ਨ, ਸੇਫਟੀ, ਅਤੇ ਇਕਵਿਪਮੈਂਟ

ਅਮਰੀਕਨ ਰਿਵਰ ਕਾਲਜ

**ਯੂਨਿਟ:** 3

**ਗ੍ਰੇਡ:** 9-12 **ਮਿਆਦ:** ਸਮੈਸਟਰ/ 54 ਘੰਟੇ LEC

**ਟ੍ਰਾਂਸਫਰਯੋਗ:** ਕੋਰਸ CSU ਵਿੱਚ ਟ੍ਰਾਂਸਫਰ ਹੋ ਸਕਦਾ ਹੈ

**ਸਲਾਹ:** ENGRD 310 ਜਾਂ ENGRD 312 ਅਤੇ ENGWR 300; ਜਾਂ ESLR 340 ਅਤੇ ESLW 340 ਲਈ ਯੋਗ

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਕੋਰਸ ਭੋਜਨ ਦੀ ਸਵੱਛਤਾ ਦੇ ਸਾਰੇ ਪੜਾਵਾਂ ਨੂੰ ਕਵਰ ਕਰਦਾ ਹੈ, ਜਿਸ ਵਿੱਚ ਭੋਜਨ ਦੇ ਦੂਸ਼ਣ ਨਾਲ ਸੰਬੰਧਿਤ ਬਿਮਾਰੀ ਦੇ ਕਾਰਨ, ਨਿਯੰਤਰਣ ਅਤੇ ਜਾਂਚ ਸ਼ਾਮਲ ਹੈ। ਇਹ ਭੋਜਨ ਤਿਆਰ ਕਰਨ ਵਿੱਚ ਸਵੱਛਤਾ ਅਭਿਆਸਾਂ; ਡਿਸ਼ਵਾਸ਼ਿੰਗ ਸਹੀ ਪ੍ਰਕਿਰਿਆਵਾਂ, ਰਸੋਈ, ਡਾਇਨਿੰਗ ਰੂਮ ਅਤੇ ਸਾਰੇ ਉਪਕਰਣਾਂ ਦੀ ਸਵੱਛਤਾ; ਸਫਾਈ ਸਮੱਗਰੀ ਅਤੇ ਪ੍ਰਕਿਰਿਆਵਾਂ ਅਤੇ ਕੂੜਾ ਅਤੇ ਬਚੀ ਸਮੱਗਰੀ ਦੇ ਨਿਪਟਾਰੇ ਨੂੰ ਕਵਰ ਕਰਦਾ ਹੈ। ਇਸ ਕੋਰਸ ਵਿੱਚ ਰਸੋਈ ਦੀ ਯੋਜਨਾਬੰਦੀ ਦੇ ਤੱਤ ਅਤੇ ਵਰਤੇ ਜਾਂਦੇ ਉਪਕਰਨਾਂ ਦੀਆਂ ਕਿਸਮਾਂ ਦੇ ਨਾਲ-ਨਾਲ ਆਮ ਸੁਰੱਖਿਆ ਸਾਵਧਾਨੀਆਂ, ਢੁਕਵੇਂ ਭੋਜਨ ਸੇਵਾ ਉਪਕਰਨਾਂ ਦੀ ਸਾਂਭ-ਸੰਭਾਲ ਅਤੇ ਸੰਚਾਲਨ ਸ਼ਾਮਲ ਹੈ। ਇਸ ਕੋਰਸ ਦੇ ਸਫਲਤਾਪੂਰਵਕ ਸੰਪੂਰਨ ਹੋਣ ਦੇ ਨਤੀਜੇ ਵਜੋਂ ਸਰਵਸੇਫ ਸਰਟੀਫਿਕੇਸ਼ਨ ਮਿਲਦਾ ਹੈ।

# ਲੋਸ ਰੀਓਸ ਦੋਹਰਾ ਦਾਖਲਾ ਕੋਰਸ

### FT 300 ਫਾਇਰ ਪ੍ਰੋਟੈਕਸ਼ਨ ਆਰਗੇਨਾਈਜ਼ੇਸ਼ਨ

ਕੋਸਮਨੇਸ ਰਿਵਰ ਕਾਲਜ

**ਯੂਨਿਟ:** 3

**ਗ੍ਰੇਡ:** 9-12 **ਮਿਆਦ:** ਸਮੈਸਟਰ/ 54 ਘੰਟੇ LEC

**ਟ੍ਰਾਂਸਫਰਯੋਗ:** ਕੋਰਸ CSU ਵਿੱਚ ਟ੍ਰਾਂਸਫਰ ਹੋ ਸਕਦਾ ਹੈ

**ਸਲਾਹ:** ਕੋਈ ਨਹੀਂ

**ਪੂਰਵ-ਲੋੜ:** ਕੋਈ ਨਹੀਂ

**C-ID:** FIRE 100X

**ਕੋਰਸ ਦਾ ਵਰਣਨ:** ਇਹ ਕੋਰਸ ਅੱਗ ਸੁਰੱਖਿਆ ਅਤੇ ਸੰਕਟਕਾਲੀ ਸੇਵਾਵਾਂ ਨਾਲ ਜਾਣ-ਪਛਾਣ ਪ੍ਰਦਾਨ ਕਰਦਾ ਹੈ। ਫਾਇਰ ਪ੍ਰੋਟੈਕਸ਼ਨ ਆਰਗੇਨਾਈਜ਼ੇਸ਼ਨ ਦੀ ਫਾਇਰ ਟੈਕਨਾਲੋਜੀ ਕੋਰਸਾਂ ਦੀ ਲੜੀ ਵਿੱਚ ਪਹਿਲੇ ਕੋਰਸ ਵਜੋਂ ਸਿਫਾਰਸ਼ ਕੀਤੀ ਜਾਂਦੀ ਹੈ। ਕਵਰ ਕੀਤੇ ਜਾਂਦੇ ਵਿਸ਼ਿਆਂ ਵਿੱਚ ਸ਼ਾਮਲ ਹਨ: ਅੱਗ ਤੋਂ ਸੁਰੱਖਿਆ ਅਤੇ ਸੰਬੰਧਿਤ ਖੇਤਰਾਂ; ਸੱਭਿਆਚਾਰ ਅਤੇ ਸੰਕਟਕਾਲੀਨ ਸੇਵਾਵਾਂ ਦਾ ਇਤਿਹਾਸ; ਅੱਗ ਤੋਂ ਸੁਰੱਖਿਆ ਦੀ ਫਿਲਾਸਫੀ ਅਤੇ ਇਤਿਹਾਸ; ਅੱਗ ਦੇ ਨੁਕਸਾਨ ਦਾ ਵਿਸ਼ਲੇਸ਼ਣ; ਅੱਗ ਤੋਂ ਸੁਰੱਖਿਆ ਦੀਆਂ ਜਨਤਕ ਅਤੇ ਨਿੱਜੀ ਸੇਵਾਵਾਂ ਦਾ ਸੰਗਠਨ ਅਤੇ ਕਾਰਜ; ਸਥਾਨਕ ਸਰਕਾਰ ਦੇ ਹਿੱਸੇ ਵਜੋਂ ਫਾਇਰ ਵਿਭਾਗ; ਫਾਇਰ ਸਰਵਿਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਨੂੰਨ ਅਤੇ ਨਿਯਮ; ਫਾਇਰ ਸਰਵਿਸ ਦਾ ਨਾਮਕਰਨ; ਅੱਗ ਤੋਂ ਸੁਰੱਖਿਆ ਦੇ ਖਾਸ ਕਾਰਜ; ਬੁਨਿਆਦੀ ਅੱਗ ਰਸਾਇਣ ਅਤੇ ਭੌਤਿਕ ਵਿਗਿਆਨ; ਅੱਗ ਸੁਰੱਖਿਆ ਪ੍ਰਣਾਲੀਆਂ ਨਾਲ ਜਾਣ-ਪਛਾਣ; ਅਤੇ ਅੱਗ ਰਣਨੀਤੀ ਅਤੇ ਵਿਧੀਆਂ ਨਾਲ ਜਾਣ-ਪਛਾਣ; ਜੀਵਨ ਸੁਰੱਖਿਆ ਪਹਿਲਕਦਮੀਆਂ ਵਿੱਚ ਕਰੀਅਰ ਦੇ ਮੌਕੇ। ਇਹ ਕੋਰਸ ਐਮਰਜੈਂਸੀ ਸੇਵਾਵਾਂ ਦੇ ਸਿਧਾਂਤਾਂ ਲਈ ਨੈਸ਼ਨਲ ਫਾਇਰ ਅਕੈਡਮੀ, ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਹਾਇਰ ਐਜੂਕੇਸ਼ਨ (FESHE) ਪਾਠਕ੍ਰਮ ਮਾਡਲ ਨੂੰ ਪੂਰਾ ਕਰਦਾ ਹੈ।

# ਲੌਸ ਰੀਓਸ ਦੋਹਰਾ ਦਾਖਲਾ ਕੋਰਸ

**INDIS 313 ਫਰੈਸ਼ਮੈਨ ਸੈਮੀਨਾਰ**

ਸੈਕਰਾਮੈਂਟੋ ਸਿਟੀ ਕਾਲਜ

**ਯੂਨਿਟ:** 3

**ਗ੍ਰੇਡ:** 9-12 **ਮਿਆਦ:** ਸਮੈਸਟਰ/ 54 ਘੰਟੇ LEC

**ਟ੍ਰਾਂਸਫਰਯੋਗ:** ਕੋਰਸ UC/CSU ਵਿੱਚ ਟ੍ਰਾਂਸਫਰ ਹੋ ਸਕਦਾ ਹੈ

**ਪੂਰਵ-ਲੋੜ:** ਕੋਈ ਨਹੀਂ

**ਆਮ ਸਿੱਖਿਆ:** AA-AS ਖੇਤਰ III(b); CSU ਖੇਤਰ E1 (ਪ੍ਰਭਾਵੀ ਪਤਝੜ 2022)

**ਕੋਰਸ ਦਾ ਵਰਣਨ:** ਇਹ ਕੋਰਸ ਅੱਜ ਦੇ ਸੰਸਾਰ ਵਿੱਚ ਸਫਲ ਹੋਣ ਲਈ ਲੋੜੀਂਦੇ ਵਿਅਕਤੀਆਂ ਦੇ ਵਿਚਕਾਰ, ਵਿਅਕਤੀ ਦੇ ਅੰਦਰ, ਅਤੇ "ਨਰਮ" ਹੁਨਰਾਂ ਦੀ ਪੜਚੋਲ ਕਰਕੇ ਸੰਪੂਰਨ ਰੂਪ ਵਿੱਚ ਸਫਲਤਾ ਨੂੰ ਦੇਖਦਾ ਹੈ। ਕਵਰ ਕੀਤੇ ਜਾਂਦੇ ਵਿਸ਼ਿਆਂ ਵਿੱਚ ਸ਼ਾਮਲ ਹੋਣਗੇ ਅਕਾਦਮਿਕ ਭਾਸ਼ਾ ਅਤੇ ਸੱਭਿਆਚਾਰ ਜਿਵੇਂ ਕਿ ਉਹ ਮੇਜਰ ਅਤੇ ਕੈਰੀਅਰ ਨਾਲ ਸੰਬੰਧਿਤ ਹਨ, ਸੱਭਿਆਚਾਰਕ ਦੌਲਤ ਦੀਆਂ ਕਿਸਮਾਂ, ਸਮੱਸਿਆ ਹੱਲ ਕਰਨ ਦੀਆਂ ਰਣਨੀਤੀਆਂ, ਤਕਨਾਲੋਜੀ ਦੀ ਵਰਤੋਂ, ਕੈਂਪਸ ਸਰੋਤ ਅਤੇ ਸੇਵਾਵਾਂ, ਅਤੇ ਜੀਵਨ ਹੁਨਰ, ਜੋ ਕਾਲਜ ਅਤੇ ਕਾਲਜ ਤੋਂ ਬਾਅਦ ਦੇ ਜੀਵਨ ਦੌਰਾਨ ਲਾਗੂ ਹੋਣਗੇ। ਕੋਰਸ ਵਿਦਿਆਰਥੀਆਂ ਨੂੰ ਇੱਕ ਜਾਂ ਇੱਕ ਤੋਂ ਵੱਧ ਅਕਾਦਮਿਕ ਵਿਸ਼ਿਆਂ ਜਾਂ ਅਧਿਐਨ ਦੇ ਖੇਤਰਾਂ ਨਾਲ ਜਾਣੂ ਕਰਵਾਏਗਾ, ਅਤੇ ਉਹਨਾਂ ਵਿਸ਼ਿਆਂ ਦੀਆਂ ਅਕਾਦਮਿਕ ਅਤੇ ਪੇਸ਼ੇਵਰ ਉਮੀਦਾਂ ਅਤੇ ਅਨੁਭਵਾਂ ਬਾਰੇ ਚਰਚਾ ਕਰੇਗਾ। ਵਿਦਿਆਰਥੀ ਆਪਣੇ ਖੁਦ ਦੇ ਵਿਦਿਅਕ ਅਤੇ/ਜਾਂ ਕਰੀਅਰ ਦੇ ਟੀਚਿਆਂ ਦੀ ਜਾਂਚ ਕਰਨਗੇ, ਅਤੇ ਸਿੱਖਣਗੇ ਕਿ ਆਪਣੀ ਖੁਦ ਦੀ ਸਿਖਲਾਈ ਬਾਰੇ ਰਣਨੀਤਕ ਫੈਸਲੇ ਕਿਵੇਂ ਲੈਣੇ ਹਨ। ਵਿਦਿਆਰਥੀ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ, ਚੋਣਾਂ, ਅਤੇ ਵਿਵਹਾਰਾਂ ਦਾ ਮੁਲਾਂਕਣ ਕਰਨਗੇ ਅਤੇ ਨਾਲ ਹੀ ਦੇਖਣਗੇ ਕਿ ਇਹ ਚੀਆਂ ਉਹਨਾਂ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਵਾਲੀਆਂ ਆਦਤਾਂ ਪੈਦਾ ਕਰਨ ਦੀ ਉਹਨਾਂ ਦੀ ਯੋਗਤਾ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਇਹਨਾਂ ਵਿਵਹਾਰਾਂ ਦੇ ਮਨੋਵਿਗਿਆਨਕ, ਸਮਾਜਿਕ ਅਤੇ ਸਰੀਰਕ ਪ੍ਰਭਾਵਾਂ ਨੂੰ ਵੀ ਸੰਬੋਧਿਤ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਹੇਠ ਲਿਖਿਆਂ ਵਿੱਚੋਂ ਇੱਕ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ: 1) ਅੱਠ ਘੰਟੇ ਦੀ ਵਾਲੰਟੀਅਰ ਸੇਵਾ, 2) ਅੱਠ ਘੰਟੇ ਦੇ ਕੈਂਪਸ ਜੀਵਨ ਵਿੱਚ ਹਿੱਸਾ ਲੈਣਾ, ਜਾਂ 3) ਅੱਠ ਘੰਟੇ ਦਾ ਉਸ ਮਾਰਗ ਨੂੰ ਦਰਸਾਉਣ ਵਾਲਾ ਵਾਧੂ ਕਲਾਸਵਰਕ ਜਿਸ ਵਿੱਚ ਕੋਰਸ ਪੇਸ਼ ਕੀਤਾ ਜਾਂਦਾ ਹੈ।

# ਕਰੀਅਰ ਟੈਕਨੀਕਲ ਐਜਕੇਸ਼ਨ (CTE)

## ਐਨੀਮੇਸ਼ਨ

ਅਲ ਸੈਂਟਰੋ ਜੂਨੀਅਰ/ਸੀਨੀਅਰ ਹਾਈ ਸਕੂਲ ਅਤੇ ਨਥਾਨਿਏਲ ਐਸ. ਕੋਲੀ ਸੀਨੀਅਰ ਹਾਈ ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** **UC/CSU a-g:** F

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਕੋਰਸ ਵਿਦਿਆਰਥੀਆਂ ਦੀ ਐਨੀਮੇਸ਼ਨ ਅਤੇ ਕੰਪਿਊਟਰ ਗ੍ਰਾਫਿਕਸ ਦੀਆਂ ਬੁਨਿਆਦੀ ਗੱਲਾਂ ਨਾਲ ਜਾਣ-ਪਛਾਣ ਕਰਵਾਉਂਦਾ ਹੈ। ਵਿਦਿਆਰਥੀ ਐਨੀਮੇਸ਼ਨ ਅਤੇ ਕੰਪਿਊਟਰ ਗ੍ਰਾਫਿਕਸ ਦੇ ਖੇਤਰ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਅਨੁਭਵਾਂ ਅਤੇ ਪ੍ਰੋਜੈਕਟਾਂ ਰਾਹੀਂ ਬੁਨਿਆਦੀ ਧਾਰਨਾਵਾਂ, ਵਿਧੀਆਂ ਅਤੇ ਤਕਨੀਕਾਂ ਸਿੱਖਣਗੇ। ਪਾਠਕ੍ਰਮ ਉਹਨਾਂ ਵਿਅਕਤੀਆਂ ਲਈ ਤਿਆਰ ਕੀਤਾ ਗਿਆ ਹੈ ਜੋ ਮਲਟੀਮੀਡੀਆ ਆਰਟ ਬਣਾਉਣ ਲਈ, ਪੇਸ਼ੇਵਰ-ਪੱਧਰ ਦੀਆਂ ਕੰਪਿਊਟਰ ਸੌਫਟਵੇਅਰ ਤਕਨੀਕਾਂ ਦੇ ਨਾਲ, ਆਪਣੇ ਰਚਨਾਤਮਕ ਪ੍ਰਗਟਾਵੇ ਦੇ ਹੁਨਰ ਦੀ ਵਰਤੋਂ ਅਤੇ ਵਿਕਾਸ ਕਰਨਾ ਚਾਹੁੰਦੇ ਹਨ। ਇਹ ਕੋਰਸ ਖਾਸ ਤੌਰ 'ਤੇ ਉਹਨਾਂ ਵਿਦਿਆਰਥੀਆਂ ਲਈ ਹੈ ਜੋ ਫਾਈਨ ਆਰਟ ਸੰਚਾਰ, ਫਿਲਮ, ਡਰਾਮਾ, ਕੰਪਿਊਟਰ ਐਨੀਮੇਸ਼ਨ, ਅਤੇ/ਜਾਂ ਗ੍ਰਾਫਿਕ ਡਿਜ਼ਾਈਨ ਵਿੱਚ ਦਿਲਚਸਪੀ ਰੱਖਦੇ ਹਨ। ਕਲਾ ਅਤੇ ਐਨੀਮੇਸ਼ਨ ਵਿੱਚ ਕਰੀਅਰ ਦੀ ਪੜਚੋਲ ਕੀਤੀ ਜਾਵੇਗੀ।

## ਕੰਪਿਊਟਰ ਸਾਇੰਸ ਪ੍ਰਿੰਸੀਪਲ

ਸਟ੍ਰੋਂਗ ਵਰਕਫੋਰਸ ਵਰਚੁਅਲ ਕਰੀਅਰ ਪਾਥਵੇਜ਼ (SWVCP)

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** **UC/CSU a-g:** D

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਕੰਪਿਊਟਰ ਸਾਇੰਸ ਪ੍ਰਿੰਸੀਪਲ (CSP) ਵਿਦਿਆਰਥੀਆਂ ਨੂੰ ਕੰਪਿਊਟਰ ਵਿਗਿਆਨ ਦੀਆਂ ਬੁਨਿਆਦੀ ਧਾਰਨਾਵਾਂ ਨਾਲ ਜਾਣ-ਪਛਾਣ ਕਰਵਾਉਂਦਾ ਹੈ ਅਤੇ ਉਹਨਾਂ ਨੂੰ ਇਹ ਪੜਚੋਲ ਕਰਨ ਲਈ ਚੁਣੌਤੀ ਦਿੰਦਾ ਹੈ ਕਿ ਕੰਪਿਊਟਿੰਗ ਅਤੇ ਤਕਨਾਲੋਜੀ ਸੰਸਾਰ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ। ਐਡਵਾਂਸਡ ਪਲੇਸਮੈਂਟ (AP) ਪ੍ਰੋਗਰਾਮ ਨੇ ਕੰਪਿਊਟਰ ਸਾਇੰਸ ਪ੍ਰਿੰਸੀਪਲਸ ਨੂੰ ਕੰਪਿਊਟਰ ਵਿਗਿਆਨ ਦੇ ਖੇਤਰਾਂ ਵਿੱਚ ਲੀਡਰ ਬਣਾਉਣ ਅਤੇ ਉਹਨਾਂ ਨੂੰ ਆਕਰਸ਼ਿਤ ਕਰਨ ਅਤੇ ਜੋੜਨ ਦੇ ਟੀਚੇ ਨਾਲ ਤਿਆਰ ਕੀਤਾ ਜਿਨ੍ਹਾਂ ਨੂੰ ਰਵਾਇਤੀ ਤੌਰ 'ਤੇ ਜ਼ਰੂਰੀ ਕੰਪਿਊਟਿੰਗ ਸਾਧਨ ਅਤੇ ਬਹੁ-ਅਨੁਸ਼ਾਸਨੀ ਮੌਕਿਆਂ ਵਿੱਚ ਘੱਟ ਪ੍ਰਤਿਨਿਧਤਾ ਹੈ।

# ਕਰੀਅਰ ਟੈਕਨੀਕਲ ਐਜਕੇਸ਼ਨ (CTE)

## ਉਸਾਰੀ

ਏਲਿਨੋਰ ਲਿੰਕਨ ਹਿਕੀ ਜੂਨੀਅਰ/ਸੀਨੀਅਰ ਹਾਈ ਸਕੂਲ, ਅਲ ਸੈਂਟਰੋ ਜੂਨੀਅਰ/ਸੀਨੀਅਰ ਹਾਈ ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਕੋਰਸ ਰਿਹਾਇਸ਼ੀ ਉਸਾਰੀ ਵਿੱਚ ਬੁਨਿਆਦੀ ਇਮਾਰਤ ਸਮੱਗਰੀ, ਹਿੱਸਿਆਂ, ਵਿਧੀਆਂ ਅਤੇ ਕ੍ਰਮਾਂ ਨਾਲ ਜਾਣ-ਪਛਾਣ ਹੈ। ਇਹ ਵਿਦਿਆਰਥੀਆਂ ਲਈ ਉਪਲਬਧ ਕਰੀਅਰ ਦੇ ਮੌਕਿਆਂ ਦੀ ਸੰਖੇਪ ਜਾਣਕਾਰੀ ਦੇ ਨਾਲ ਉਸਾਰੀ ਅਤੇ ਸੰਬੰਧਿਤ ਵਪਾਰਾਂ ਵਿੱਚ ਬੁਨਿਆਦੀ ਦਾਖਲਾ-ਪੱਧਰ ਦੇ ਹੁਨਰ ਦੇਣ ਲਈ ਤਿਆਰ ਕੀਤਾ ਗਿਆ ਹੈ। ਹੱਥ ਅਤੇ ਪਾਵਰ ਟੂਲਸ ਦੋਵਾਂ ਦੀ ਸੁਰੱਖਿਆ ਅਤੇ ਸਹੀ ਵਰਤੋਂ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਹ ਕੋਰਸ ਵਿਦਿਆਰਥੀਆਂ ਨੂੰ ਲੱਕੜ ਦੇ ਵੱਖ-ਵੱਖ ਹੁਨਰਾਂ ਦੀ ਵਰਤੋਂ ਕਰਦੇ ਹੋਏ ਵਿਸ਼ੇਸ਼ ਪ੍ਰੋਜੈਕਟ ਬਣਾਉਣ ਦਾ ਅਨੁਭਵ ਪ੍ਰਦਾਨ ਕਰਦਾ ਹੈ।

## ਪਾਕ ਕਲਾ ।

ਅਲ ਸੈਂਟਰੋ ਜੂਨੀਅਰ/ਸੀਨੀਅਰ ਹਾਈ ਸਕੂਲ, ਲੀਓ ਏ. ਪਾਲਮੀਟਰ ਜੂਨੀਅਰ/ਸੀਨੀਅਰ ਹਾਈ ਸਕੂਲ, SWVCP

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਕੋਰਸ ਪਾਕ ਕਲਾ ਦੇ ਖੇਤਰ ਵਿੱਚ ਕਰੀਅਰ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ ਹੈ। ਉਹ ਭੋਜਨ ਤਿਆਰ ਕਰਨ, ਮਾਪ ਅਤੇ ਪਰਿਵਰਤਨ, ਅਤੇ ਸੁਰੱਖਿਆ ਅਤੇ ਸਵੱਛਤਾ ਦੀਆਂ ਤਕਨੀਕਾਂ ਸਿੱਖਣਗੇ। ਵਿਦਿਆਰਥੀ ਸਟਾਕ, ਮਦਰ ਸੌਸ, ਬੇਕਿੰਗ ਅਤੇ ਪੇਸਟਰੀ, ਖਾਣਾ ਪਕਾਉਣ ਦੀਆਂ ਤਕਨੀਕਾਂ, ਅਤੇ ਚਾਕੂ ਦੇ ਹੁਨਰਾਂ ਦਾ ਵਿਹਾਰਕ ਅਨੁਭਵ ਪ੍ਰਾਪਤ ਕਰਨਗੇ। ਵਿਸ਼ੇਸ਼ ਯੂਨਿਟਾਂ ਵਿੱਚ ਪੌਦਿਆਂ ਅਧਾਰਤ ਖਾਣਾ ਪਕਾਉਣਾ, ਖਾਸ ਉਤਪਾਦ ਦੀ ਪਛਾਣ, ਮੀਨੂ ਯੋਜਨਾਬੰਦੀ, ਪਲੇਟ ਪੇਸ਼ਕਾਰੀ, ਜੇਮਜ਼ ਬੀਅਰਡ ਫੂਡ ਵੇਸਟ ਮੋਡੀਊਲ, ਅਤੇ ਫੂਡ ਹੈਂਡਲਰ ਅਤੇ ਜਾਂ ਸਰਵਸੇਫ ਸਰਟੀਫਿਕੇਸ਼ਨ 'ਤੇ ਫੋਕਸ ਸ਼ਾਮਲ ਹੋਵੇਗਾ। ਵਿਦਿਆਰਥੀ ਭੋਜਨ ਉਤਪਾਦਾਂ ਦੀਆਂ ਵਿਭਿੰਨ ਕਿਸਮਾਂ ਦੀ ਪੜਚੋਲ ਕਰਨਗੇ ਅਤੇ ਨਾਲ ਹੀ ਬੁਨਿਆਦੀ ਪਾਕ ਕਲਾ ਹੁਨਰ ਸਿੱਖਣਗੇ। ਇਹ ਕੋਰਸ ਕੁਲੀਨਰੀ ਆਰਟਸ ਕਰੀਅਰ ਪਾਥਵੇਅ ਲਈ ਕੇਂਦਰਿਤ ਕੋਰਸ ਵਜੋਂ ਕੰਮ ਕਰਦਾ ਹੈ।

# ਕਰੀਅਰ ਟੈਕਨੀਕਲ ਐਜਕੇਸ਼ਨ (CTE)

## ਆਂਟਰਪ੍ਰਿਨਰਸ਼ਿਪ ।

ਅਲ ਸੈਂਟਰੋ ਜੂਨੀਅਰ/ਸੀਨੀਅਰ ਹਾਈ ਸਕੂਲ ਅਤੇ SWVCP

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਸ ਕੋਰਸ ਵਿੱਚ ਵਿਦਿਆਰਥੀ ਉੱਦਮਤਾ ਅਤੇ ਛੋਟੇ ਕਾਰੋਬਾਰ ਦੀ ਮਾਲਕੀ ਦੇ ਨਾਲ-ਨਾਲ ਸਫਲ ਉੱਦਮੀਆਂ ਦੀਆਂ ਵਿਸ਼ੇਸ਼ਤਾਵਾਂ ਦੀ ਸਮਝ ਵਿਕਸਿਤ ਕਰਨਗੇ। ਵਿਦਿਆਰਥੀ ਕਿਸੇ ਕਾਰੋਬਾਰ ਬਾਰੇ ਧਾਰਨਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਬਾਰੇ ਅਤੇ ਨਾਲ ਹੀ, ਕਾਰੋਬਾਰ ਦੀ ਧਾਰਨਾ ਅਤੇ ਬ੍ਰਾਂਡ ਨੂੰ ਵਿਕਸਿਤ ਕਰਨ ਅਤੇ ਸਫਲਤਾਪੂਰਵਕ ਬਣਾਉਣ ਅਤੇ ਬਣਾਈ ਰੱਖਣ ਦੇ ਤਰੀਕੇ ਸਿੱਖਣਗੇ। ਵਿਦਿਆਰਥੀ ਇਹ ਵੀ ਸਿੱਖਣਗੇ ਕਿ ਚੰਗੀ ਗਾਹਕ ਸੇਵਾ ਪ੍ਰਦਾਨ ਕਰਨ ਦਾ ਕੀ ਅਰਥ ਹੈ, ਅਤੇ ਫਿਰ ਨੈਸ਼ਨਲ ਰਿਟੇਲ ਫਾਊਂਡੇਸ਼ਨ ਦੁਆਰਾ ਗਾਹਕ ਸੇਵਾ ਅਤੇ ਵਿਕਰੀ ਪ੍ਰਮਾਣਿਤ ਸਪੈਸ਼ਲਿਸਟ ਪ੍ਰੀਖਿਆ ਦੇ ਕੇ ਆਪਣੇ ਗਿਆਨ ਦਾ ਪ੍ਰਦਰਸ਼ਨ ਕਰਨਗੇ।

## ਫਾਇਰ ਟੈਕਨਾਲੋਜੀ ।

SWVCP

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਕੋਰਸ ਅੱਗ ਸੁਰੱਖਿਆ ਦੀ ਫਿਲਾਸਫੀ ਅਤੇ ਇਤਿਹਾਸ; ਮਿਊਂਸਪਲ ਫਾਇਰ ਡਿਫੈਂਸ ਦੀ ਸਮੀਖਿਆ; ਪੇਂਡੂ ਅੱਗ ਤੋਂ ਰੱਖਿਆ; ਸ਼ਹਿਰੀ ਇੰਟਰਫੇਸ ਅੱਗ ਤੋਂ ਰੱਖਿਆ; ਵਾਟਰਸ਼ੈਡ ਅੱਗ ਤੋਂ ਰੱਖਿਆ; ਸੰਘੀ, ਰਾਜ, ਕਾਉਂਟੀ, ਅਤੇ ਪ੍ਰਾਈਵੇਟ ਸੁਰੱਖਿਆ ਏਜੰਸੀਆਂ ਦੇ ਸੰਗਠਨ ਅਤੇ ਕਾਰਜ ਦੀ ਜਾਂਚ ਅਤੇ ਪੇਸ਼ੇਵਰ ਅੱਗ ਸੁਰੱਖਿਆ ਕਰੀਅਰ ਦੇ ਮੌਕਿਆਂ ਦਾ ਸਰਵੇਖਣ ਨੂੰ ਕਵਰ ਕਰਦਾ ਹੈ। ਵਿਦਿਆਰਥੀ ਅੱਗ ਬੁਝਾਊ ਸੇਵਾ ਉਦਯੋਗ ਤੋਂ ਵਿਹਾਰਕ ਐਪਲੀਕੇਸ਼ਨਾਂ ਦੇ ਨਾਲ ਅੱਗ ਦੇ ਵਿਗਿਆਨ ਦੀ ਵੀ ਪੜਚੋਲ ਕਰਨਗੇ।

# ਕਰੀਅਰ ਟੈਕਨੀਕਲ ਐਜੂਕੇਸ਼ਨ (CTE)

### ਬਾਗਵਾਨੀ

ਲੀਓ ਏ. ਪਾਲਮੀਟਰ ਜੂਨੀਅਰ/ਸੀਨੀਅਰ ਹਾਈ
ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਕੋਰਸ ਵਿਦਿਆਰਥੀਆਂ ਨੂੰ ਵਾਤਾਵਰਣ ਅਤੇ ਸਜਾਵਟੀ ਬਾਗਬਾਨੀ ਨਾਲ ਸੰਬੰਧਿਤ ਨਿਯਮ ਅਤੇ ਸਿਧਾਂਤ ਪ੍ਰਦਾਨ ਕਰਦਾ ਹੈ, ਨਾਲ ਹੀ ਪੌਦਾ ਪ੍ਰਣਾਲੀਆਂ ਦੇ ਰੂਪ ਅਤੇ ਕਾਰਜ ਦੀ ਸਮਝ ਵੀ ਪ੍ਰਦਾਨ ਕਰਦਾ ਹੈ। ਸਿਖਿਆਰਥੀ ਗਤੀਵਿਧੀਆਂ, ਪ੍ਰੋਜੈਕਟਾਂ ਅਤੇ ਸਮੱਸਿਆਵਾਂ ਦੇ ਨਾਲ ਪੁੱਛਗਿੱਛ-ਅਧਾਰਿਤ ਅਭਿਆਸਾਂ ਵਿੱਚ ਰੁਝਦੇ ਹਨ ਜਿਨ੍ਹਾਂ ਨਾਲ ਉਹ ਪ੍ਰਯੋਗਸ਼ਾਲਾ ਅਤੇ ਵਿਹਾਰਕ ਤਜ਼ਰਬਿਆਂ ਦੁਆਰਾ ਪੌਦਿਆਂ ਦੀ ਧਾਰਨਾ ਦਾ ਪ੍ਰਦਰਸ਼ਨ ਕਰ ਸਕਦੇ ਹਨ। ਵਿਸ਼ਿਆਂ ਵਿੱਚ ਵਰਗੀਕਰਨ, ਪੌਦਿਆਂ ਦੇ ਵਾਧੇ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ, ਕੀੜੇ, ਬਿਮਾਰੀਆਂ, ਪੌਦਿਆਂ ਦੇ ਵਿਕਾਰ, ਗ੍ਰੀਨਹਾਉਸ ਪ੍ਰਬੰਧਨ, ਪੌਦਿਆਂ ਦਾ ਪ੍ਰਸਾਰ, ਸਿੰਚਾਈ ਸਥਾਪਨਾ ਅਤੇ ਮੁਰੰਮਤ, ਐਕਵਾਪੋਨਿਕ ਅਤੇ ਹਾਈਡ੍ਰੋਪੋਨਿਕ ਉਗਾਉਣਾ, ਸਬਜ਼ੀਆਂ ਦਾ ਉਤਪਾਦਨ, ਫਲ ਅਤੇ ਬਿਰੀਆਂ ਵਾਲੇ ਰੁੱਖਾਂ ਦਾ ਉਤਪਾਦਨ, ਅਤੇ ਲੈਂਡਸਕੇਪ ਸਥਾਪਨਾ ਅਤੇ ਸਾਂਭ-ਸੰਭਾਲ ਸ਼ਾਮਲ ਹਨ।

### ਸਪੋਰਟਸ ਮੈਡੀਸਨ ।

SWVCP

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਕੋਰਸ ਵਿਦਿਆਰਥੀਆਂ ਨੂੰ ਐਥਲੈਟਿਕ ਸਿਖਲਾਈ ਨਾਲ ਜੁੜੇ ਬੁਨਿਆਦੀ ਹੁਨਰ ਅਤੇ ਪ੍ਰਮਾਣਿਤ ਐਥਲੈਟਿਕ ਟ੍ਰੇਨਰ ਦੀ ਭੂਮਿਕਾ ਸਿਖਾਉਣ ਲਈ ਤਿਆਰ ਕੀਤਾ ਗਿਆ ਹੈ। ਵਿਦਿਆਰਥੀ ਆਮ ਐਥਲੈਟਿਕ ਸੱਟਾਂ ਨਾਲ ਸੰਬੰਧਿਤ ਐਮਰਜੈਂਸੀ ਅਤੇ ਮੁਲਾਂਕਣ ਪ੍ਰਕਿਰਿਆਵਾਂ ਸਿੱਖਣਗੇ ਅਤੇ ਸੱਟ ਦੇ ਮੁਲਾਂਕਣ ਫਾਰਮਾਂ ਨੂੰ ਸਹੀ ਢੰਗ ਨਾਲ ਪੂਰਾ ਕਰਨਗੇ। ਪੂਰੇ ਕੋਰਸ ਦੌਰਾਨ ਡਾਕਟਰੀ ਸ਼ਬਦਾਵਲੀ ਪੇਸ਼ ਕੀਤੀ ਜਾਂਦੀ ਹੈ ਅਤੇ ਇਸ 'ਤੇ ਜ਼ੋਰ ਦਿੱਤਾ ਗਿਆ ਹੈ। ਬਾਹਰੀ ਫੀਲਡ-ਵਰਕ ਦੀ ਲੋੜ ਹੋ ਸਕਦੀ ਹੈ। ਇਹ ਕੋਰਸ ਕਰੀਅਰ ਸਿੱਖਿਆ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ ਅਤੇ ਹੈਲਥ ਸਾਇੰਸ ਅਤੇ ਮੈਡੀਕਲ ਟੈਕਨਾਲੋਜੀ ਉਦਯੋਗ ਸੈਕਟਰ ਵਿੱਚ ਮਰੀਜ਼ਾਂ ਦੀ ਦੇਖਭਾਲ CTE ਪਾਥਵੇਅ ਵਿੱਚ ਕੈਪਸਟੋਨ ਕੋਰਸ ਵਜੋਂ ਕੰਮ ਕਰੇਗਾ।

# ਚੋਣਵੇਂ ਵਿਸ਼ੇ

## ਕੰਪਿਊਟਰ ਲਿਟਰੇਸੀ

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਅੱਧਾ ਸਾਲ

**HS ਗ੍ਰੇਡ ਬੇਨਤੀ:** ਚੋਣਵਾਂ **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਕੰਪਿਊਟਰ, ਕੰਪਿਊਟਰ ਵਿਗਿਆਨ, ਅਤੇ ਕੰਪਿਊਟਰ ਐਪਲੀਕੇਸ਼ਨਾਂ ਨਾਲ ਜਾਣ-ਪਛਾਣ ਹੈ। ਇਹ ਕੋਰਸ ਇਸ ਗੱਲ ਦੀ ਸਮਝ ਪ੍ਰਦਾਨ ਕਰਦਾ ਹੈ ਕਿ ਕੰਪਿਊਟਰ ਸਾਡੇ ਰੋਜ਼ਾਨਾ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ਅਤੇ ਅਸੀਂ ਆਪਣੇ ਰੋਜ਼ਾਨਾ ਰੁਟੀਨ ਵਿੱਚ ਵਧੇਰੇ ਕੁਸ਼ਲ ਅਤੇ ਪ੍ਰਭਾਵੀ ਬਣਨ ਲਈ ਕੰਪਿਊਟਰ ਤਕਨੀਕਾਂ ਦੀ ਵਰਤੋਂ ਕਿਵੇਂ ਕਰ ਸਕਦੇ ਹਾਂ। ਕੋਰਸ ਸਮੱਗਰੀ ਵਿੱਚ ਵੱਖ-ਵੱਖ ਹਾਰਡਵੇਅਰ, ਸਾਫਟਵੇਅਰ, ਆਪਰੇਟਿੰਗ ਸਿਸਟਮ, ਦੇਖਭਾਲ/ਸੰਚਾਲਨ, ਪ੍ਰਬੰਧਕੀ ਐਪਲੀਕੇਸ਼ਨਾਂ, ਅਤੇ ਰੁਜ਼ਗਾਰਯੋਗ ਹੁਨਰਾਂ ਦੀ ਸਮਝ ਸ਼ਾਮਲ ਹੋਵੇਗੀ। ਉਤਪਾਦਕਤਾ ਦੇ ਹੁਨਰ ਦੇ ਨਾਲ, ਵਿਦਿਆਰਥੀ ਅੱਜ ਸਾਡੇ ਸਮਾਜ ਵਿੱਚ ਨੈਤਿਕ ਅਤੇ ਕਾਨੂੰਨੀ ਮੁੱਦਿਆਂ ਦੀ ਸਮਝ ਵੀ ਵਿਕਸਤ ਕਰਨਗੇ ਤਾਂ ਜੋ ਉਹ ਭਵਿੱਖ ਦੇ ਸੂਚਿਤ ਤਕਨਾਲੋਜੀ ਵਰਤੋਂਕਾਰ ਬਣ ਸਕਣ।
ਕੰਪਿਊਟਿੰਗ ਦੇ ਸਮਾਜਕ ਪ੍ਰਭਾਵ ਨੂੰ ਨਕਾਰਿਆ ਨਹੀਂ ਜਾ ਸਕਦਾ ਹੈ। ਲੋਕ ਰੋਜ਼ਾਨਾ ਏਟੀਐਮ, ਸੈੱਲ ਫੋਨ ਅਤੇ ਕੰਪਿਊਟਰਾਈਜ਼ਡ ਵੋਟਿੰਗ ਬੂਥਾਂ ਤੋਂ ਲੈ ਕੇ ਡੈਸਕਟੌਪ ਕੰਪਿਊਟਰਾਂ ਤੱਕ ਵੱਖ-ਵੱਖ ਤਰ੍ਹਾਂ ਦੇ ਕੰਪਿਊਟੇਸ਼ਨਲ ਡਿਵਾਈਸਾਂ ਨਾਲ ਅੰਤਰ-ਕਿਰਿਆ ਕਰਦੇ ਹਨ। ਤਕਨਾਲੋਜੀ ਵਿੱਚ ਤਬਦੀਲੀ ਦੀ ਤੇਜ਼ ਰਫ਼ਤਾਰ ਵਿਦਿਆਰਥੀਆਂ ਨੂੰ ਅੰਤਰੀਵ ਸਿਧਾਂਤ ਅਤੇ ਧਾਰਨਾਵਾਂ ਸਿਖਾਏ ਜਾਣ ਦੀ ਲੋੜ ਪੈਦਾ ਕਰਦੀ ਹੈ ਜਿਨ੍ਹਾਂ 'ਤੇ ਡਿਜੀਟਲ ਤਕਨਾਲੋਜੀ ਬਣਾਈ ਗਈ ਹੈ। ਕੰਪਿਊਟਰ ਐਪਲੀਕੇਸ਼ਨ ਵਿਦਿਆਰਥੀਆਂ ਨੂੰ ਉਹਨਾਂ ਦੁਆਰਾ ਰੋਜ਼ਾਨਾ ਵਰਤੀਆਂ ਜਾਣ ਵਾਲੀਆਂ ਤਕਨੀਕਾਂ ਨੂੰ ਸਮਝਣ ਅਤੇ ਇਸ ਗਿਆਨ ਨੂੰ ਉੱਭਰ ਰਹੀਆਂ ਤਕਨਾਲੋਜੀਆਂ ਨੂੰ ਸਮਝਣ ਅਤੇ ਵਰਤਣ ਲਈ ਵਧਾਉਣ ਵਾਸਤੇ ਹੁਨਰ ਅਤੇ ਗਿਆਨ ਪ੍ਰਦਾਨ ਕਰਦੀ ਹੈ।

## ਕ੍ਰਿਮਿਨੋਲੋਜੀ ਅਤੇ ਸਟ੍ਰੀਟ ਲਾਅ

ਸਾਰੇ ਸਕੂਲ

**ਗ੍ਰੇਡ:** 11-12 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਚੋਣਵਾਂ **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਕ੍ਰਿਮਿਨੋਲੋਜੀ ਅਤੇ ਸਟ੍ਰੀਟ ਲਾਅ, ਕਾਨੂੰਨ ਅਤੇ ਕਾਨੂੰਨੀ ਪ੍ਰਣਾਲੀ ਦੀ ਵਿਹਾਰਕ ਸਮਝ ਪ੍ਰਦਾਨ ਕਰਦਾ ਹੈ ਜੋ ਵਿਦਿਆਰਥੀਆਂ ਲਈ ਉਹਨਾਂ ਦੇ ਰੋਜ਼ਾਨਾ ਜੀਵਨ ਵਿੱਚ ਉਪਯੋਗੀ ਹੋਵੇਗਾ ਅਤੇ ਸਾਡੇ ਲੋਕਤੰਤਰ ਵਿੱਚ ਪ੍ਰਭਾਵਸ਼ਾਲੀ, ਸੂਚਿਤ ਨਾਗਰਿਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਦਾ ਹੈ। ਵਿਦਿਆਰਥੀ ਅਮਰੀਕੀ ਸੰਵਿਧਾਨ, ਕਾਨੂੰਨਾਂ ਅਤੇ ਕਾਨੂੰਨੀ ਪ੍ਰਣਾਲੀ ਦੇ ਬੁਨਿਆਦੀ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਦੀ ਮਜ਼ਬੂਤ ਸਮਝ ਨਾਲ ਕੋਰਸ ਪੂਰਾ ਕਰਨਗੇ। ਇਹ ਕੋਰਸ, ਇਸ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਕਿ ਅਪਰਾਧ ਅਤੇ ਅਪਰਾਧਿਕ ਵਿਵਹਾਰ ਸਮਾਜਾਂ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ, ਅਪਰਾਧ ਵਿਗਿਆਨ ਅਤੇ ਅਪਰਾਧਿਕ ਕਾਨੂੰਨ ਨਾਲ ਸੰਬੰਧਿਤ ਵਿਸ਼ਿਆਂ ਦੀ ਪੜਚੋਲ ਕਰੇਗਾ। ਵਿਦਿਆਰਥੀ ਸਾਡੀ ਅਪਰਾਧਿਕ ਨਿਆਂ ਪ੍ਰਣਾਲੀ ਦੇ ਸਾਹਮਣੇ ਮੌਜੂਦ ਕੁਝ ਚੁਣੌਤੀਆਂ ਦੀ ਪੜਚੋਲ ਕਰਨਗੇ, ਅਤੇ ਅਪਰਾਧ ਦੇ ਕਾਰਨਾਂ ਅਤੇ ਨਤੀਜਿਆਂ ਨੂੰ ਸਮਝ ਕੇ, ਵਿਦਿਆਰਥੀ ਇਸ ਬਾਰੇ ਚਰਚਾ ਕਰ ਸਕਣਗੇ ਕਿ ਇਹਨਾਂ ਵਿੱਚੋਂ ਕੁਝ ਸਮੱਸਿਆਵਾਂ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ।

# ਚੋਣਵੇਂ ਵਿਸ਼ੇ

## ਇਕੋਨੋਮਿਕਸ

ਸਾਰੇ ਸਕੂਲ

**ਗ੍ਰੇਡ:** 12 **ਮਿਆਦ:** ਅੱਧਾ ਸਾਲ

**HS ਗ੍ਰੇਡ ਬੇਨਤੀ:** ਚੋਣਵਾਂ **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਸ ਕੋਰਸ ਵਿੱਚ, ਵਿਦਿਆਰਥੀ ਅਮਰੀਕਾ ਵਿੱਚ ਉਪਭੋਗਤਾਵਾਂ ਦੁਆਰਾ ਸਾਹਮਣਾ ਕੀਤੀਆਂ ਜਾਂਦੀਆਂ ਬੁਨਿਆਦੀ ਆਰਥਿਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨਗੇ, ਸਮਝਾਉਣਗੇ ਕਿ ਕਾਰੋਬਾਰ ਆਰਥਿਕ ਫੈਸਲੇ ਕਿਵੇਂ ਲੈਂਦੇ ਹਨ, ਉਹਨਾਂ ਤਰੀਕਿਆਂ ਨੂੰ ਸਮਝਣਗੇ ਜਿਨ੍ਹਾਂ ਨਾਲ ਲੋਕ ਨਿਵੇਸ਼ ਕਰਦੇ ਹਨ ਅਤੇ ਭਵਿੱਖ ਲਈ ਪੈਸੇ ਦੀ ਬਚਤ ਕਰਦੇ ਹਨ, ਅਤੇ ਆਰਥਿਕ ਨੀਤੀਆਂ ਦੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨਗੇ। ਵਿਦਿਆਰਥੀ ਆਰਥਿਕ ਪ੍ਰਣਾਲੀਆਂ ਦੇ ਸੰਚਾਲਨ ਅਤੇ ਸੰਸਥਾਵਾਂ ਦੀ ਸਮਝ ਲਈ ਦੂਜੇ ਵਿਸ਼ਾ ਖੇਤਰਾਂ ਤੋਂ ਸਾਧਨਾਂ (ਗ੍ਰਾਫ਼, ਅੰਕੜੇ, ਸਮੀਕਰਨਾਂ) ਨੂੰ ਲਾਗੂ ਕਰਦੇ ਹੋਏ, ਬੁਨਿਆਦੀ ਆਰਥਿਕ ਧਾਰਨਾਵਾਂ ਵਿੱਚ ਮੁਹਾਰਤ ਹਾਸਲ ਕਰਨਗੇ। ਵਿਦਿਆਰਥੀ ਘਾਟ, ਸਪਲਾਈ ਅਤੇ ਮੰਗ, ਬਾਜ਼ਾਰ, ਵਪਾਰਕ ਫਰਮਾਂ, ਮੁਕਾਬਲੇ, ਕਿਰਤ, ਖੇਤੀਬਾੜੀ, ਏਕਾਧਿਕਾਰ ਅਤੇ ਸਰਕਾਰੀ ਨੀਤੀ ਦੀਆਂ ਧਾਰਨਾਵਾਂ ਦਾ ਅਧਿਐਨ ਕਰਨਗੇ। ਵਿਦਿਆਰਥੀ ਆਪਣੇ ਪੜ੍ਹਨ, ਲਿਖਣ ਅਤੇ ਆਲੋਚਨਾਤਮਕ ਸੋਚ ਦੇ ਹੁਨਰ ਵਿਕਸਿਤ ਕਰਨਗੇ। ਉਹ ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ ਅਤੇ ਸੰਸਥਾਵਾਂ ਵਿੱਚ ਆਪਣੀ ਸ਼ਮੂਲੀਅਤ ਵੀ ਵਿਕਸਿਤ ਕਰਨਗੇ।

ਇੱਕ ਹਾਈ ਸਕੂਲ ਇਕੋਨੋਮਿਕਸ ਕੋਰਸ ਦਾ ਆਮ ਉਦੇਸ਼ ਵਿਦਿਆਰਥੀਆਂ ਦੁਆਰਾ ਬੁਨਿਆਦੀ ਆਰਥਿਕ ਧਾਰਨਾਵਾਂ ਵਿੱਚ ਮੁਹਾਰਤ ਹਾਸਲ ਕਰਨਾ, ਇਹ ਸਮਝਣਾ ਕਿ ਅਰਥ ਸ਼ਾਸਤਰ ਦੀਆਂ ਮੁੱਖ ਧਾਰਨਾਵਾਂ ਇੱਕ ਦੂਜੇ ਨਾਲ ਕਿਵੇਂ ਸੰਬੰਧਿਤ ਹਨ ਅਤੇ ਆਰਥਿਕ ਪ੍ਰਣਾਲੀਆਂ ਦੀ ਬਣਤਰ ਨੂੰ ਸਮਝਣਾ ਹੈ। ਵਿਦਿਆਰਥੀ ਵਿਅਕਤੀਗਤ, ਭਾਈਚਾਰਕ, ਰਾਸ਼ਟਰੀ ਅਤੇ ਵਿਸ਼ਵ ਆਰਥਿਕ ਮੁੱਦਿਆਂ ਨਾਲ ਨਜਿੱਠਣ ਲਈ ਤਰਕਸ਼ੀਲ, ਸਾਵਧਾਨੀਪੂਰਵਕ ਢੰਗ ਨਾਲ ਆਰਥਿਕ ਸੰਕਲਪਾਂ ਦੀ ਵਰਤੋਂ ਕਰਨਗੇ। ਉਹ ਸੰਬੰਧਿਤ ਡੇਟਾ ਨੂੰ ਸਮਝਣ ਅਤੇ ਵਿਆਖਿਆ ਕਰਨ ਲਈ ਮਾਪ ਦੀਆਂ ਧਾਰਨਾਵਾਂ ਅਤੇ ਤਰੀਕਿਆਂ ਜਿਵੇਂ ਕਿ ਟੇਬਲ, ਚਾਰਟ, ਗ੍ਰਾਫ, ਅਨੁਪਾਤ, ਪ੍ਰਤੀਸ਼ਤ ਅਤੇ ਸੂਚਕਾਂਕ ਨੰਬਰਾਂ ਦੀ ਵਰਤੋਂ ਕਰਨਗੇ। ਉਹਨਾਂ ਨੂੰ ਅਰਥ ਸ਼ਾਸਤਰ ਬਾਰੇ ਤਰਕਸੰਗਤ ਫੈਸਲੇ ਲੈਣਾ ਸਿੱਖਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਬੁਨਿਆਦੀ ਆਰਥਿਕ ਧਾਰਨਾਵਾਂ ਦਾ ਅਧਿਐਨ ਕਰਕੇ, ਵਿਦਿਆਰਥੀਆਂ ਨੂੰ ਮਾਰਕੀਟਪਲੇਸ ਅਤੇ ਵੋਟਿੰਗ ਬੂਥ ਵਿੱਚ ਬਿਹਤਰ ਚੋਣਾਂ ਕਰਨ ਦੇ ਯੋਗ ਬਣਾਇਆ ਜਾਵੇਗਾ। ਅਰਥ ਸ਼ਾਸਤਰ ਵਿਦਿਆਰਥੀਆਂ ਨੂੰ ਬੌਧਿਕ ਤੌਰ 'ਤੇ ਚੁਣੌਤੀਪੂਰਨ ਅਤੇ ਦਿਲਚਸਪ ਅਨੁਭਵ ਪ੍ਰਦਾਨ ਕਰਦਾ ਹੈ। ਇਸ ਕੋਰਸ ਸਮੱਗਰੀ ਵਿੱਚ ਸਫਲਤਾਪੂਰਵਕ ਮੁਹਾਰਤ ਹਾਸਲ ਕਰਨ ਵਾਲੇ ਵਿਦਿਆਰਥੀ ਮੁਸ਼ਕਿਲ ਅਤੇ ਮੰਗ ਵਾਲੇ ਕਾਲਜ ਦੇ ਮਾਹੌਲ ਲਈ ਤਿਆਰ ਹੋਣਗੇ।

ਇਸ ਇਕਨਾਮਿਕਸ ਕੋਰਸ ਦੀ ਮਿਆਦ ਇੱਕ ਸਮੈਸਟਰ ਹੈ, ਜੋ ਪਾਸ ਹੋਣ ਤੱਕ ਚੱਲਦਾ ਹੈ। ਕੋਰਸ ਨੂੰ ਛੇ ਯੂਨਿਟਾਂ ਵਿੱਚ ਵੰਡਿਆ ਜਾਂਦਾ ਹੈ।

# ਚੋਣਵੇਂ ਵਿਸ਼ੇ

## ਫਾਇਨਾਂਸ ਲਿਟਰੇਸੀ

ਸਾਰੇ ਸਕੂਲ

**ਗ੍ਰੇਡ:** 10-12 **ਮਿਆਦ:** ਅੱਧਾ ਸਾਲ

**HS ਗ੍ਰੇਡ ਬੇਨਤੀ:** ਚੋਣਵਾਂ **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਫਾਇਨਾਂਸ ਲਿਟਰੇਸੀ ਅਤੇ ਪਰਸਨਲ ਫਾਇਨਾਂਸ (ਵਿੱਤੀ ਸਾਖਰਤਾ ਅਤੇ ਨਿੱਜੀ ਵਿੱਤ) ਵਿੱਚ, ਵਿਦਿਆਰਥੀ ਇੱਕ ਵੈੱਬ-ਅਧਾਰਤ ਇੰਟਰਐਕਟਿਵ ਪ੍ਰੋਗਰਾਮ ਦੀ ਵਰਤੋਂ ਕਰਕੇ ਜ਼ਰੂਰੀ ਵਿੱਤੀ ਸਾਖਰਤਾ ਹੁਨਰ ਵਿਕਸਿਤ ਕਰਨਗੇ ਤਾਂ ਜੋ PHS/MHS ਵਿਦਿਆਰਥੀਆਂ ਦੇ ਨਿੱਜੀ ਵਿੱਤ ਹੁਨਰਾਂ ਬਾਰੇ ਜਾਣ ਸਕਣ ਅਤੇ ਇਹਨਾਂ ਨੂੰ ਬਿਹਤਰ ਬਣਾ ਸਕਣ। ਵਿਦਿਆਰਥੀ ਔਨਲਾਈਨ ਇੰਟਰਐਕਟਿਵ ਪ੍ਰੋਗਰਾਮਾਂ ਵਿੱਚ 'ਕਰ ਕੇ ਸਿੱਖਣਗੇ' ਜਿਸ ਵਿੱਚ ਅਸਲ-ਸੰਸਾਰ ਦੇ ਦ੍ਰਿਸ਼ ਸ਼ਾਮਲ ਹੁੰਦੇ ਹਨ। ਇਸ ਤੋਂ ਇਲਾਵਾ, ਵਿਦਿਆਰਥੀ ਖਾਸ ਤੌਰ 'ਤੇ ਕਿਸ਼ੋਰਾਂ ਲਈ ਡਿਜ਼ਾਇਨ ਕੀਤੀ ਗਈ, ਕੈਰੀ ਸੀਗਲ (Cary Siegel) ਦੀ *Why Didn't They Teach Me This in School? 99 Personal Money Management Principles to Live By* ਨਾਮਕ ਨਿੱਜੀ ਵਿੱਤ ਬਾਰੇ ਕਿਤਾਬ ਪੜ੍ਹਣਗੇ।

## ਹੈਲਥ

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਅੱਧਾ ਸਾਲ

**HS ਗ੍ਰੇਡ ਬੇਨਤੀ:** ਚੋਣਵਾਂ **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਹੈਲਥ ਐਜੂਕੇਸ਼ਨ ਕੋਰਸ ਵਿਦਿਆਰਥੀਆਂ ਦੀ ਜੀਵਨ ਭਰ, ਸਕਾਰਾਤਮਕ ਸਿਹਤ-ਸੰਬੰਧੀ ਵਿਵਹਾਰ ਵਿਕਸਿਤ ਕਰਨ ਵਿੱਚ ਮਦਦ ਕਰੇਗਾ ਅਤੇ ਵਿਦਿਆਰਥੀਆਂ ਨੂੰ ਜਾਣਕਾਰੀ, ਫੈਸਲੇ ਲੈਣ ਦੇ ਹੁਨਰ, ਅਤੇ ਅਜਿਹੇ ਸਰੋਤ ਪ੍ਰਦਾਨ ਕਰੇਗਾ ਜੋ ਵਿਚਾਰਸ਼ੀਲ ਅਤੇ ਜ਼ਿੰਮੇਵਾਰ ਵਿਵਹਾਰ ਨੂੰ ਉਤਸ਼ਾਹਿਤ ਕਰਨਗੇ। ਪੜ੍ਹਾਈ ਦੀਆਂ ਯੂਨਿਟਾਂ ਵਿੱਚ ਇਹ ਸ਼ਾਮਲ ਹੋਣਗੇ: ਪੋਸ਼ਣ ਅਤੇ ਸਰੀਰਕ ਗਤੀਵਿਧੀ; ਵਾਧਾ, ਵਿਕਾਸ ਅਤੇ ਜਿਨਸੀ ਸਿਹਤ; ਸ਼ਰਾਬ, ਤੰਬਾਕੂ, ਅਤੇ ਹੋਰ ਨਸ਼ੇ; ਮਾਨਸਿਕ, ਭਾਵਨਾਤਮਕ, ਅਤੇ ਸਮਾਜਿਕ ਸਿਹਤ; ਅਤੇ ਨਿੱਜੀ ਅਤੇ ਭਾਈਚਾਰਕ ਸਿਹਤ। ਇਸ ਕੋਰਸ ਵਿੱਚ ਸਵੈ-ਨਿਰਦੇਸ਼ਿਤ ਸਿੱਖਣ ਦੀਆਂ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ ਜੋ ਵਿਹਾਰਕ ਹੁਨਰ ਪ੍ਰਦਾਨ ਕਰਨਗੀਆਂ ਜੋ ਕਿ ਵਿਦਿਆਰਥੀਆਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਵਧਾਉਣਗੀਆਂ। ਹੈਲਥ ਐਜੂਕੇਸ਼ਨ ਇਹ ਯਕੀਨੀ ਬਣਾਏਗੀ ਕਿ ਵਿਦਿਆਰਥੀ ਕੈਲੀਫੋਰਨੀਆ ਹੈਲਥ ਐਜੂਕੇਸ਼ਨ ਸਮੱਗਰੀ ਮਿਆਰਾਂ ਨੂੰ ਪੂਰਾ ਕਰਦੇ ਹਨ ਅਤੇ ਵਿਆਪਕ ਜਿਨਸੀ ਸਿਹਤ ਸਿਖਾਉਣ ਲਈ ਕੈਲੀਫੋਰਨੀਆ ਸਿੱਖਿਆ ਕੋਡ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ।

# ਚੋਣਵੇਂ ਵਿਸ਼ੇ

### ਲਾਈਫ ਸਕਿਲਜ਼

ਸਾਰੇ ਸਕੂਲ

**ਗ੍ਰੇਡ:** 11-12 **ਮਿਆਦ:** ਅੱਧਾ ਸਾਲ

**HS ਗ੍ਰੇਡ ਬੇਨਤੀ:** ਚੋਣਵਾਂ **UC/CSU a-g:** G

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਜੀਵਨ ਦੇ ਹੁਨਰ (ਜ਼ਿੰਦਗੀ ਦੇ ਹੁਨਰ) ਕਾਰਜਬਲ ਅਤੇ ਰੋਜ਼ਾਨਾ ਜੀਵਨ ਵਿੱਚ ਸਫਲਤਾ ਲਈ ਜ਼ਰੂਰੀ ਹਨ। ਢੁਕਵੇਂ ਜ਼ਿੰਦਗੀ ਦੇ ਹੁਨਰਾਂ ਦੀ ਸਿੱਖਿਆ ਵਿਦਿਆਰਥੀਆਂ ਨੂੰ ਆਪਣੇ ਭਾਈਚਾਰੇ ਵਿੱਚ ਰਹਿਣ, ਕੰਮ ਕਰਨ ਅਤੇ ਵਧਣ-ਫੁੱਲਣ ਦੀ ਸਮਰੱਥਾ ਦਿੰਦੀ ਹੈ। ਲਾਈਫ ਸਕਿਲਜ਼ ਪਾਠਕ੍ਰਮ ਵਿੱਚ ਅਕਾਦਮਿਕ, ਰੋਜ਼ਾਨਾ ਜੀਵਨ, ਨਿੱਜੀ/ਸਮਾਜਿਕ, ਕਿੱਤਾਮੁਖੀ ਹੁਨਰਾਂ ਦੇ ਨਾਲ-ਨਾਲ ਬੁਨਿਆਦੀ ਸਿਹਤ ਧਾਰਨਾਵਾਂ ਸ਼ਾਮਲ ਹਨ ਤਾਂ ਜੋ ਸਮਾਜ ਵਿੱਚ ਸੁਤੰਤਰ ਤੌਰ 'ਤੇ ਕੰਮ ਕਰਨ ਵਿੱਚ ਵਿਦਿਆਰਥੀਆਂ ਦੀ ਮਦਦ ਕਰਨ ਲਈ ਤਿਆਰ ਕੀਤੇ ਗਏ ਏਕੀਕ੍ਰਿਤ ਪਾਠਾਂ ਵਿੱਚ ਸਫਲਤਾ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਇਆ ਜਾ ਸਕੇ।

# ਇੰਗਲਿਸ਼ ਲੈਂਗਵੇਜ ਆਰਟਸ

## ਲੈਂਗਵੇਜ਼ ਆਰਟਸ 1

ਸਾਰੇ ਸਕੂਲ

**ਗ੍ਰੇਡ:** 9 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਇੰਗਲਿਸ਼ **UC/CSU a-g:** B

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** StudySync ਕੈਲੀਫੋਰਨੀਆ ਵਿੱਚ ਲੈਂਗਵੇਜ਼ ਆਰਟਸ ਅਤੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਲਈ ਇੱਕ ਵਿਆਪਕ ਪਾਠਕ੍ਰਮ ਹੈ। StudySync ਦੇ ਮੁੱਖ ਪ੍ਰੋਗਰਾਮ ਨੂੰ ਕੈਲੀਫੋਰਨੀਆ ਦੇ ELA/ELD ਫ੍ਰੇਮਵਰਕ ਵਿੱਚ ਪ੍ਰਦਾਨ ਕੀਤੇ ਬਲੂਪ੍ਰਿੰਟ ਦੀ ਵਰਤੋਂ ਕਰਕੇ ਇੰਗਲਿਸ਼ ਲੈਂਗਵੇਜ਼ ਆਰਟਸ ਅਤੇ ਕੈਲੀਫੋਰਨੀਆ ਇੰਗਲਿਸ਼ ਲੈਂਗੁਏਜ ਡਿਵੈਲਪਮੈਂਟ ਸਟੈਂਡਰਡਸ ਲਈ ਅੰਤਰ-ਸੰਬੰਧਿਤ ਕੈਲੀਫੋਰਨੀਆ ਕਾਮਨ ਕੋਰ ਸਟੇਟ ਸਟੈਂਡਰਡਸ (CCCSS) ਨਾਲ ਪੂਰੀ ਤਰ੍ਹਾਂ ਨਾਲ ਇਕਸਾਰ ਹੋਣ ਲਈ ਬਣਾਇਆ ਗਿਆ ਸੀ। ਪ੍ਰੋਗਰਾਮ ਦੀ ਪੜ੍ਹਾਈ ਇਹਨਾਂ ਮਿਆਰਾਂ ਦੇ ਪੰਜ ਮੁੱਖ ਵਿਸ਼ਿਆਂ ਨੂੰ ਨਿਸ਼ਾਨਾ ਬਣਾਉਂਦਾ ਹੈ, ਅਤੇ ਅਧਿਆਪਕਾਂ ਦੀ ਸਹਾਇਤਾ ਕਰਦਾ ਹੈ ਜਦੋਂ ਉਹ ਵਿਦਿਆਰਥੀਆਂ ਦਾ ਕਾਲਜ, ਕੈਰੀਅਰ, ਅਤੇ ਨਾਗਰਿਕ ਜੀਵਨ ਲਈ ਤਤਪਰਤਾ ਵਿਕਸਿਤ ਕਰਨ, ਪੜ੍ਹੇ-ਲਿਖੇ ਵਿਅਕਤੀਆਂ ਦੀਆਂ ਯੋਗਤਾਵਾਂ ਨੂੰ ਪ੍ਰਾਪਤ ਕਰਨ, ਵਿਆਪਕ ਤੌਰ 'ਤੇ ਸਾਖਰ ਹੋਣ, ਅਤੇ ਜਿਉਣ ਦੇ ਹੁਨਰ ਹਾਸਲ ਕਰਨ ਅਤੇ 21ਵੀਂ ਸਦੀ ਵਿੱਚ ਸਿੱਖਣ ਲਈ ਮਾਰਗਦਰਸ਼ਨ ਕਰਦੇ ਹਨ। StudySync ਇੱਕ ਪਾਠਕ੍ਰਮ ਅਤੇ ਪਲੇਟਫਾਰਮ ਪ੍ਰਦਾਨ ਕਰਕੇ ਇਸ ਪ੍ਰਾਪਤੀ ਲਈ ਸੰਦਰਭ ਬਣਾਉਣ ਵਿੱਚ ਮਦਦ ਕਰਦਾ ਹੈ ਜਿਸ ਨਾਲ ਅਧਿਆਪਕ ਅਜਿਹੇ ਕੋਰਸ ਤਿਆਰ ਕਰ ਸਕਦੇ ਹਨ ਜੋ ਆਕਰਸ਼ਕ, ਪ੍ਰੇਰਿਤ ਕਰਨ ਵਾਲੇ, ਸਤਿਕਾਰਯੋਗ, ਏਕੀਕ੍ਰਿਤ ਅਤੇ ਬੌਧਿਕ ਤੌਰ 'ਤੇ ਚੁਣੌਤੀਪੂਰਨ ਹੋਣ।

## ਇੰਗਲਿਸ਼ I

ਸਾਰੇ ਸਕੂਲ

**ਗ੍ਰੇਡ:** 9 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਇੰਗਲਿਸ਼ **UC/CSU a-g:** B

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** 9ਵੇਂ ਗ੍ਰੇਡ ਦਾ ਵਿਸ਼ਵ ਸਾਹਿਤ ਏਮਬੈਡਡ ਕੀਤੇ CCSS ਦੇ ਨਾਲ ਸੈਨ ਫ੍ਰਾਂਸਿਸਕੋ ਯੂਨੀਫਾਈਡ ਸਕੂਲ ਡਿਸਟ੍ਰਿਕਟ (SFUSD) ਦੇ ELA PK–12 ਕੋਰ ਪਾਠਕ੍ਰਮ ਸਕੋਪ ਅਤੇ ਸੀਕਵੈਂਸ ਦੇ ਦੁਆਲੇ ਕੇਂਦਰਿਤ ਹੈ। ਇਸ ਕੋਰਸ ਵਿੱਚ, ਵਿਦਿਆਰਥੀ ਵੱਖ-ਵੱਖ ਦ੍ਰਿਸ਼ਟੀਕੋਣਾਂ ਅਤੇ ਵਿਚਾਰਾਂ ਰਾਹੀਂ ਮਨੁੱਖੀ ਅਨੁਭਵ ਨੂੰ ਚੁਣੌਤੀ ਦੇਣਗੇ, ਸਵਾਲ ਕਰਨਗੇ, ਜਾਇਜ਼ ਠਹਿਰਾਉਣਗੇ, ਇਸਦਾ ਨਿਰਮਾਣ ਅਤੇ ਵਿਸ਼ਲੇਸ਼ਣ ਕਰਨਗੇ। ਵਿਦਿਆਰਥੀ ਅਜਿਹੇ ਤਰੀਕਿਆਂ ਦੀ ਪੜਚੋਲ ਕਰਕੇ ਆਪਣੀ ਪਛਾਣ, ਅਵਾਜ਼ ਅਤੇ ਸੰਸਾਰ ਨੂੰ ਬਿਹਤਰ ਢੰਗ ਨਾਲ ਸਮਝਣਗੇ, ਜਿਨ੍ਹਾਂ ਨਾਲ ਟੈਕਸਟ ਉਹਨਾਂ ਦੀ ਮਨੁੱਖੀ ਪ੍ਰਕਿਰਿਤੀ, ਰਿਸ਼ਤਿਆਂ ਅਤੇ ਆਪਣੇ-ਆਪ ਨੂੰ ਸਮਝਣ ਵਿੱਚ ਮਦਦ ਕਰ ਸਕਦੇ ਹਨ। ਵਿਦਿਆਰਥੀ ਵਿਸ਼ਵ ਸਭਿਆਚਾਰਾਂ ਅਤੇ ਤਜ਼ਰਬਿਆਂ ਦੀ ਵਿਭਿੰਨਤਾ ਨੂੰ ਦਰਸਾਉਣ ਵਾਲੇ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਨੂੰ ਪੜ੍ਹਨਗੇ ਅਤੇ ਸਾਹਿਤਕ ਗਲਪ (ਲਘੂ ਕਹਾਣੀਆਂ, ਕਵਿਤਾ, ਡਰਾਮਾ ਅਤੇ ਨਾਵਲ) ਅਤੇ ਗੈਰ-ਗਲਪ ਲਿਖਤਾਂ (ਉਦਾਹਰਨ ਲਈ, ਸਮਾਚਾਰ ਲੇਖ, ਸਵੈ-ਜੀਵਨੀ) ਦੇ ਸੰਪਰਕ ਵਿੱਚ ਆਉਣਗੇ। ਡਿਜੀਟਲ ਮੀਡੀਆ ਅਤੇ ਟੈਕਨਾਲੋਜੀ ਨੂੰ ਸ਼ਾਮਲ ਕਰਨ ਦੁਆਰਾ, ਵਿਦਿਆਰਥੀ ਆਲੋਚਨਾਤਮਕ ਚਿੰਤਕਾਂ ਵਜੋਂ ਆਪਣੇ ਹੁਨਰ ਨੂੰ ਹੋਰ ਵਿਕਸਿਤ ਕਰਨਗੇ ਜੋ ਮੂਲ ਵਿਚਾਰ ਤਿਆਰ ਕਰਨ ਲਈ ਸਬੂਤਾਂ ਤੋਂ ਸਿੱਟੇ ਕੱਢਦੇ ਹਨ ਅਤੇ ਵਧਦੀਆਂ ਗੁੰਝਲਦਾਰ ਲਿਖਤਾਂ ਤੱਕ ਪਹੁੰਚ ਕਰਨ ਲਈ ਆਲੋਚਨਾਤਮਕ ਵਿਸ਼ਲੇਸ਼ਣ ਦੇ ਹੁਨਰਾਂ ਨੂੰ ਲਾਗੂ ਕਰਦੇ ਹਨ।

# ਇੰਗਲਿਸ਼ ਲੈਂਗਵੇਜ ਆਰਟਸ

## ਇੰਗਲਿਸ਼ 9

ਸਾਰੇ ਸਕੂਲ

**ਗ੍ਰੇਡ:** 9 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਇੰਗਲਿਸ਼ **UC/CSU a-g:** B

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇੰਗਲਿਸ਼ 9 ਕੋਰਸ ਵਿਦਿਆਰਥੀਆਂ ਦੀ ਫਰੈਸ਼ਮੈਨ ਇੰਗਲਿਸ਼ ਪ੍ਰੋਗਰਾਮ ਵਿੱਚ ਸ਼ੁਰੂਆਤ ਕਰਾਉਂਦਾ ਹੈ ਅਤੇ ਵਿਦਿਆਰਥੀਆਂ ਨੂੰ ਅੱਪਰ ਡਿਵੀਜ਼ਨ ਕੋਰਸਾਂ ਅਤੇ ਕਾਲਜ ਵਿੱਚ ਅਕਾਦਮਿਕ ਕੰਮ ਲਈ ਤਿਆਰ ਕਰਦਾ ਹੈ। ਕੋਰਸ ਲਈ ਪੜ੍ਹਨ, ਲਿਖਣ, ਬੋਲਣ ਅਤੇ ਸੁਣਨ ਵਿੱਚ ਨਿਯਮਿਤ ਕੰਮ ਦੀ ਲੋੜ ਹੁੰਦੀ ਹੈ। ਵਿਦਿਆਰਥੀ ਆਲੋਚਨਾਤਮਕ ਸੋਚ ਦੇ ਹੁਨਰ ਵੀ ਵਿਕਸਿਤ ਕਰਦੇ ਹਨ ਜਿਸ ਨਾਲ ਉਹ ਪ੍ਰਭਾਵਸ਼ਾਲੀ ਸੰਚਾਰਕ ਅਤੇ ਸਵੈ-ਨਿਰਦੇਸ਼ਿਤ ਸਿਖਿਆਰਥੀ ਬਣ ਸਕਦੇ ਹਨ, ਅਤੇ ਵੱਖ-ਵੱਖ ਫਾਰਮੈਟਾਂ ਅਤੇ ਸੱਭਿਆਚਾਰਕ ਸੰਦਰਭਾਂ ਵਿੱਚ ਵਿਸ਼ਲੇਸ਼ਣ ਕਰਨ ਅਤੇ ਸਮੱਸਿਆ ਹੱਲ ਕਰਨ ਦੇ ਯੋਗ ਬਣਦੇ ਹਨ। ਲਿਖਤੀ ਹਿੱਸੇ ਨੂੰ ਇੱਕ ਬਹੁ-ਪੱਧਰੀ ਪਹੁੰਚ ਦੁਆਰਾ ਸੰਗਠਿਤ ਕੀਤਾ ਗਿਆ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਪ੍ਰੇਰਕ, ਬਿਰਤਾਂਤਕ, ਵਿਸ਼ਲੇਸ਼ਣਾਤਮਕ, ਅਤੇ ਵਿਆਖਿਆਨ ਸਮੇਤ ਵੱਖ-ਵੱਖ ਫਾਰਮੈਟਾਂ ਵਿੱਚ ਲਿਖਣ ਵਿੱਚ ਮੁਹਾਰਤ ਹਾਸਲ ਕਰਨ ਦੇ ਕਈ ਮੌਕੇ ਮਿਲਦੇ ਹਨ। ਪੜ੍ਹਨ ਅਤੇ ਲਿਖਣ ਦੇ ਕੰਮ ਦੇ ਸੰਦਰਭ ਵਿੱਚ ਭਾਸ਼ਾਈ ਪ੍ਰਚਲਨ, ਸ਼ਬਦਾਵਲੀ ਵਿਕਾਸ, ਅਤੇ ਮਕੈਨਿਕਸ ਸਿਖਾਏ ਜਾਂਦੇ ਹਨ। ਵਿਦਿਆਰਥੀ ਨਾਵਲ, ਨਾਟਕ, ਛੋਟੀਆਂ ਕਹਾਣੀਆਂ, ਕਵਿਤਾ, ਅਤੇ ਗੈਰ-ਗਲਪ ਪੜ੍ਹਦੇ ਹਨ ਅਤੇ ਵਿਸ਼ੇ, ਸ਼ੈਲੀ, ਅਤੇ ਇਤਿਹਾਸਕ/ਸੱਭਿਆਚਾਰਕ ਪ੍ਰਭਾਵ(ਪ੍ਰਭਾਵਾਂ) ਦੇ ਰੂਪ ਵਿੱਚ ਲਿਖਤਾਂ ਦਾ ਵਿਸ਼ਲੇਸ਼ਣ ਅਤੇ ਤੁਲਨਾ ਕਰਨਾ ਸਿੱਖਦੇ ਹਨ।

## ਇੰਗਲਿਸ਼ 10

ਸਾਰੇ ਸਕੂਲ

**ਗ੍ਰੇਡ:** 10 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਇੰਗਲਿਸ਼ **UC/CSU a-g:** B

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇੰਗਲਿਸ਼ 10 ਸਾਹਿਤ ਦੀ ਆਲੋਚਨਾਤਮਕ ਸੋਚ ਅਤੇ ਵਿਸ਼ਲੇਸ਼ਣ ਨੂੰ ਉਤਸ਼ਾਹਿਤ ਕਰਨ ਲਈ ਵਿਦਿਆਰਥੀ ਸਾਖਰਤਾ ਅਤੇ ਭਾਸ਼ਾ ਕਲਾ ਦੇ ਹੁਨਰਾਂ 'ਤੇ ਅਧਾਰਤ ਹੈ। ਇੰਗਲਿਸ਼ 10 ਲੈਣ ਵਾਲੇ ਵਿਦਿਆਰਥੀ ਇੱਕ ਸਖ਼ਤ, ਮਿਆਰ-ਅਧਾਰਿਤ ਕੋਰਸ ਵਿੱਚ ਅੱਗੇ ਵਧਦੇ ਹਨ ਜੋ ਨਿਪੁੰਨ ਆਲੋਚਨਾਤਮਕ ਚਿੰਤਕ ਅਤੇ ਲੇਖਕ ਤਿਆਰ ਕਰਨ ਬਣਾਉਣ ਲਈ ਬਣਾਇਆ ਗਿਆ ਹੈ। ਵਿਦਿਆਰਥੀ ਆਪਣੀਆਂ ਪਾਠ-ਪੁਸਤਕਾਂ, ਨਾਵਲਾਂ, ਅਤੇ ਹੋਰ ਬਾਹਰੀ ਰੀਡਿੰਗਾਂ ਰਾਹੀਂ ਗਲਪ ਅਤੇ ਗੈਰ-ਗਲਪ ਪੜ੍ਹਨ ਅਤੇ ਲਿਖਣ ਦੀ ਇੱਕ ਵਿਸ਼ਾਲ ਸ਼੍ਰੇਣੀ ਦੇ ਸੰਪਰਕ ਵਿੱਚ ਆਉਂਦੇ ਹਨ। ਵਿਦਿਆਰਥੀ ਕਥਾਨਕ ਅਤੇ ਟਕਰਾਅ, ਵਿਸ਼ਿਆਂ ਅਤੇ ਪ੍ਰਤੀਕਾਂ, ਦਲੀਲ ਅਤੇ ਪ੍ਰੇਰਣਾ, ਅਤੇ ਸ਼ੇਕਸਪੀਅਰ ਦੇ ਡਰਾਮੇ ਵਰਗੇ ਵਿਸ਼ਿਆਂ 'ਤੇ ਕੇਂਦਰਿਤ ਥੀਮੈਟਿਕ ਇਕਾਈਆਂ ਦੁਆਰਾ ਆਲੋਚਨਾਤਮਕ ਸੋਚ, ਸਮਝ, ਅਤੇ ਐਪਲੀਕੇਸ਼ਨ ਹੁਨਰ ਦਾ ਅਭਿਆਸ ਕਰਦੇ ਹਨ। ਇਹ ਕੋਰਸ ਸਿਨਟੈਕਸ, ਵਿਆਕਰਣ, ਵਿਰਾਮ ਚਿੰਨ੍ਹ, ਕੈਪੀਟਲਾਈਜ਼ੇਸ਼ਨ, ਸਪੈਲਿੰਗ, ਅਤੇ ਲਿਖਤੀ ਸੰਚਾਰ ਵਿੱਚ ਵਰਤੋਂ ਦੀ ਸਮਝ ਅਤੇ ਮੁਹਾਰਤ 'ਤੇ ਜ਼ੋਰ ਦੇ ਨਾਲ ਪੜ੍ਹਨ ਅਤੇ ਲਿਖਣ ਦੀਆਂ ਬੁਨਿਆਦੀ ਗੱਲਾਂ ਵਿੱਚ ਮੁਹਾਰਤ ਦਾ ਵਿਸਤਾਰ ਕਰਦਾ ਹੈ। ਇਹ ਸ਼ਬਦ ਵਿਸ਼ਲੇਸ਼ਣ ਅਤੇ ਵਿਵਸਥਿਤ ਸ਼ਬਦਾਵਲੀ ਦੇ ਵਿਕਾਸ ਨੂੰ ਮਜ਼ਬੂਤ ਕਰਦਾ ਹੈ। ਵਿਦਿਆਰਥੀ ਵੱਖ-ਵੱਖ ਢੰਗਾਂ ਨਾਲ ਪਾਲਿਸ਼ ਕੀਤੇ ਅਤੇ ਮੂਲ ਪਾਠਾਂ ਨੂੰ ਲਿਖਣ ਲਈ, ਪਰੂਫ ਰੀਡਿੰਗ ਅਤੇ ਸੰਸ਼ੋਧਨ 'ਤੇ ਜ਼ੋਰ ਦਿੰਦੇ ਹੋਏ, ਲਿਖਤੀ ਪ੍ਰਕਿਰਿਆ ਦੀ ਵਰਤੋਂ ਕਰਦੇ ਹਨ। ਅੰਤ ਵਿੱਚ, ਵਿਦਿਆਰਥੀ ਪ੍ਰਮਾਣਿਕ ਮੁਲਾਂਕਣਾਂ ਨੂੰ ਪੂਰਾ ਕਰਦੇ ਹਨ ਜਿਸ ਵਿੱਚ ਉਹ ਮੁਹਾਰਤ ਦਾ ਪ੍ਰਦਰਸ਼ਨ ਕਰਦੇ ਹਨ ਅਤੇ ਆਪਣੇ ਸਿੱਖੇ ਹੁਨਰਾਂ ਨੂੰ ਹੋਰ ਰੂਪਾਂਤਰਾਂ ਵਿੱਚ ਲਾਗੂ ਕਰਦੇ ਹਨ।

# ਇੰਗਲਿਸ਼ ਲੈਂਗਵੇਜ ਆਰਟਸ

### ਕਾਲਜ ਪ੍ਰੈਪ ਇੰਗਲਿਸ਼ II

ਸਾਰੇ ਸਕੂਲ

**ਗ੍ਰੇਡ:** 10-12 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਇੰਗਲਿਸ਼ **UC/CSU a-g:** B

**ਪੂਰਵ-ਲੋੜ:** ਇੰਗਲਿਸ਼ I

**ਕੋਰਸ ਦਾ ਵਰਣਨ:** ਕਾਲਜ ਪ੍ਰੈਪ (CP) ਇੰਗਲਿਸ਼ II ਚਾਰ ਕੋਰਸਾਂ ਦੀ ਇੱਕ ਲੜੀ ਵਿੱਚ ਦੂਜਾ ਹੈ ਜੋ ਗੁੰਝਲਦਾਰ ਬਿਰਤਾਂਤ ਅਤੇ ਵਿਆਖਿਆਤਮਕ ਪਾਠਾਂ ਦੇ ਵਿਸ਼ਲੇਸ਼ਣ ਦੁਆਰਾ ਪੜ੍ਹਨ, ਲਿਖਣ ਅਤੇ ਭਾਸ਼ਾ ਵਿੱਚ ਵਿਦਿਆਰਥੀਆਂ ਦੇ ਹੁਨਰ ਅਤੇ ਰਣਨੀਤੀਆਂ ਨੂੰ ਵਿਕਸਿਤ ਕਰਨਾ ਜਾਰੀ ਰੱਖਦਾ ਹੈ। ਨਿਯਮਿਤ ਲਿਖਤੀ ਅਤੇ ਮੌਖਿਕ ਵਿਸ਼ਲੇਸ਼ਣ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਨਾਲ, ਵਿਦਿਆਰਥੀ ਆਧੁਨਿਕ ਇਤਿਹਾਸਕ ਕਨੈਕਸ਼ਨ ਨਾਲ ਚੋਣ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ, ਵਿਭਿੰਨ ਸ਼ੈਲੀਆਂ ਦੇ ਪਾਠ ਪੜ੍ਹ ਅਤੇ ਸਮਝਣਗੇ। ਉਹ ਬਹੁਤ ਸਾਰੇ ਢੰਗਾਂ ਵਿੱਚ ਲਿਖਣਗੇ ਅਤੇ ਬੋਲਣਗੇ ਅਤੇ ਵੱਖ-ਵੱਖ ਉਦੇਸ਼ਾਂ 'ਤੇ ਧਿਆਨ ਦੇਣਗੇ ਜਿਵੇਂ-ਜਿਵੇਂ ਉਹ ਉਹਨਾਂ ਸੂਖਮਤਾਵਾਂ, ਅਸਪਸ਼ਟਤਾਵਾਂ, ਅਤੇ ਅਨੁਮਾਨਾਂ ਨੂੰ ਸੰਸ਼ਲੇਸ਼ਿਤ ਅਤੇ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦੇ ਹਨ ਜੋ ਉਹ ਪਾਠਕ ਵਜੋਂ ਖੋਜ ਰਹੇ ਹਨ। ਵਿਦਿਆਰਥੀ ਰੋਜ਼ਾਨਾ ਦੇ ਕੰਮਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਕੈਪਸਟੋਨ ਪ੍ਰੋਜੈਕਟਾਂ ਰਾਹੀਂ ਆਪਣੇ ਹਾਸਲ ਕੀਤੇ ਗਿਆਨ ਅਤੇ ਹੁਨਰ ਦਾ ਪ੍ਰਦਰਸ਼ਨ ਕਰਨ ਲਈ ਸੁਤੰਤਰ ਅਤੇ ਸਹਿਯੋਗੀ ਤੌਰ 'ਤੇ ਕੰਮ ਕਰਨਗੇ। ਉਹ ਇੱਕ ਤੋਂ ਵੱਧ ਮਾਧਿਅਮਾਂ ਦੁਆਰਾ ਅਤੇ ਵੱਖ-ਵੱਖ ਉਦੇਸ਼ਾਂ ਅਤੇ ਦਰਸ਼ਕਾਂ ਲਈ ਚੰਗੇ ਲਿਖਤੀ ਅਤੇ ਪ੍ਰਭਾਵਸ਼ਾਲੀ ਸੰਚਾਰ ਦੇ ਤੱਤਾਂ 'ਤੇ ਆਲੋਚਨਾਤਮਕ ਫੀਡਬੈਕ ਦੇਣ ਵਾਲੇ ਅਤੇ ਪ੍ਰਾਪਤ ਕਰਨ ਵਾਲੇ ਦੇ ਤੌਰ 'ਤੇ ਆਪਣੇ ਹੁਨਰਾਂ ਨੂੰ ਤਿੱਖਾ ਕਰਨਗੇ। ਅੰਤ ਵਿੱਚ, ਇਹ ਕੋਰਸ ਵਿਦਿਆਰਥੀਆਂ ਦੀਆਂ ਕਲਪਨਾਵਾਂ ਅਤੇ ਬੌਧਿਕ ਉਤਸੁਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਮਜ਼ਬੂਤ ਅੰਤਰ-ਪਾਠਕ੍ਰਮ ਸਬੰਧਾਂ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖੇਗਾ।

### ਇੰਗਲਿਸ਼ 11

ਸਾਰੇ ਸਕੂਲ

**ਗ੍ਰੇਡ:** 11 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਇੰਗਲਿਸ਼ **UC/CSU a-g:** B

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਪ੍ਰੋਜੈਕਟ-ਅਧਾਰਤ ਅੰਗਰੇਜ਼ੀ ਦਾ ਕੋਰਸ ਇੱਕ ਸਾਲ-ਲੰਬਾ ਕੋਰਸ ਹੈ ਜੋ ਅਮਰੀਕੀ ਸਾਹਿਤ ਦੇ ਅਧਾਰ ਤੇ ਚਾਰ ਥੀਮ-ਅਧਾਰਤ ਯੂਨਿਟਾਂ ਵਿੱਚ ਵੰਡਿਆ ਗਿਆ ਹੈ। ਵਿਦਿਆਰਥੀ ਮੁੱਖ ਅਸਾਈਨਮੈਂਟਾਂ ਨੂੰ ਪੂਰਾ ਕਰਨਗੇ ਜੋ ਪੜ੍ਹਨ ਦੀ ਸਮਝ, ਪ੍ਰਵਾਹ, ਸਾਹਿਤਕ ਪ੍ਰਤਿਕਿਰਿਆ ਅਤੇ ਵਿਸ਼ਲੇਸ਼ਣ, ਲਿਖਣ ਦੀਆਂ ਰਣਨੀਤੀਆਂ ਅਤੇ ਐਪਲੀਕੇਸ਼ਨਾਂ, ਲਿਖਤੀ ਅਤੇ ਮੌਖਿਕ ਅੰਗਰੇਜ਼ੀ ਭਾਸ਼ਾ ਪ੍ਰਚਲਨ, ਅਤੇ ਸੁਣਨ ਅਤੇ ਬੋਲਣ ਦੀਆਂ ਰਣਨੀਤੀਆਂ ਅਤੇ ਐਪਲੀਕੇਸ਼ਨਾਂ ਨੂੰ ਵਿਕਸਿਤ ਕਰਦੇ ਹਨ। ਵਿਦਿਆਰਥੀ 11ਵੇਂ ਗ੍ਰੇਡ ਦੇ ਅੰਗਰੇਜ਼ੀ ਮਿਆਰਾਂ ਦੇ ਆਧਾਰ 'ਤੇ ਉੱਚ ਯੋਗਤਾ ਪ੍ਰਾਪਤ ਟੀਚਰ ਆਫ ਰਿਕਾਰਡ, ਜੋ ਫੈਕਲਟੀ ਸਲਾਹਕਾਰ ਜਾਂ ਫੈਸਿਲੀਟੇਟਰ ਵਜੋਂ ਕੰਮ ਕਰਦੇ ਹਨ, ਦੁਆਰਾ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਤੇ ਮਾਪਦੰਡਾਂ ਦੇ ਆਧਾਰ 'ਤੇ ਆਪਣੇ ਲਈ ਪ੍ਰੋਜੈਕਟ ਤਿਆਰ ਕਰਦੇ ਹਨ। ਵਿਦਿਆਰਥੀ ਗੈਰ-ਗਲਪ, ਗਲਪ, ਅਤੇ ਜਾਣਕਾਰੀ ਵਾਲੇ ਪਾਠਾਂ ਬਾਰੇ ਆਲੋਚਨਾਤਮਕ ਤੌਰ 'ਤੇ ਸੋਚਣ ਦੁਆਰਾ ਹੇਠਾਂ ਦਿੱਤੇ ਹੁਨਰ ਵਿਕਸਿਤ ਕਰਨਗੇ: ਪੜ੍ਹਨਾ, ਲਿਖਣਾ, ਦੇਖਣਾ ਅਤੇ ਪ੍ਰਦਰਸ਼ਿਤ ਕਰਨਾ, ਸੁਣਨਾ, ਅਤੇ ਸ਼ਬਦਾਵਲੀ ਵਿਕਸਿਤ ਕਰਨਾ ਅਤੇ ਬੋਲਣਾ।

# ਇੰਗਲਿਸ਼ ਲੈਂਗਵੇਜ ਆਰਟਸ

## ਇੰਗਲਿਸ਼ 12

ਸਾਰੇ ਸਕੂਲ

**ਗ੍ਰੇਡ:** 12 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਇੰਗਲਿਸ਼ **UC/CSU a-g:** B

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਹ ਕੋਰਸ ਵਿਦਿਆਰਥੀਆਂ ਨੂੰ ਸਾਹਿਤ ਅਤੇ ਰਚਨਾ ਦੇ ਅਧਿਐਨ ਵਿੱਚ ਕਾਲਜ ਵਾਸਤੇ ਤਿਆਰੀ ਦੇ ਕੰਮ ਲਈ ਬੁਨਿਆਦ ਪ੍ਰਦਾਨ ਕਰਦਾ ਹੈ। ਵਿਦਿਆਰਥੀਆਂ ਦੁਆਰਾ ਪੜ੍ਹੀ ਗਈ ਹਰੇਕ ਰਚਨਾ ਲਈ ਇੱਕ ਪਰਿਪੱਕ, ਆਲੋਚਨਾਤਮਕ ਪ੍ਰਤਿਕਿਰਿਆ ਦੇ ਨਾਲ-ਨਾਲ ਉਸ ਸਾਹਿਤਕ ਸ਼ੈਲੀ ਦੀ ਸਪਸ਼ਟ ਸਮਝ, ਜਿਸ ਤੋਂ ਇਹ ਰਚਨਾਵਾਂ ਉਤਪੰਨ ਹੁੰਦੀਆਂ ਹਨ, ਦੇ ਵਿਕਾਸ 'ਤੇ ਜ਼ੋਰ ਦਿੱਤਾ ਜਾਂਦਾ ਹੈ। ਲਿਖਤੀ ਰੂਪ ਵਿੱਚ, ਵਿਦਿਆਰਥੀਆਂ ਨੂੰ ਨਿੱਜੀ ਅਨੁਭਵ, ਵਿਸ਼ਲੇਸ਼ਣਾਤਮਕ, ਵਰਣਨਾਤਮਕ, ਪ੍ਰੇਰਕ, ਖੋਜ, ਬਿਰਤਾਂਤ ਅਤੇ ਜਾਣਕਾਰੀ ਵਾਲੇ ਲੇਖਾਂ ਸਮੇਤ ਕਈ ਸ਼ੈਲੀਆਂ ਅਤੇ ਕਿਸਮਾਂ ਵਿੱਚ ਰਚਨਾਵਾਂ ਲਿਖਣ ਲਈ ਕਿਹਾ ਜਾਂਦਾ ਹੈ। ਇਸ ਕੋਰਸ ਲਈ ਪੜ੍ਹੀਆਂ ਗਈਆਂ ਬਹੁਤ ਸਾਰੀਆਂ ਰਚਨਾਵਾਂ ਵਿੱਚ ਮੁੱਖ ਤੌਰ 'ਤੇ Beowulf, Arthurian Legends, Shakespear, ਅਤੇ ਆਧੁਨਿਕ ਯੁੱਗ ਤੱਕ ਦਾ ਬ੍ਰਿਟਿਸ਼ ਸਾਹਿਤ ਸ਼ਾਮਲ ਹੈ।

# ਹਿਸਟਰੀ-ਸੋਸ਼ਲ ਸਾਇੰਸ

## ਸਿਵਿਕਸ

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਅੱਧਾ ਸਾਲ

**HS ਗ੍ਰੇਡ ਬੇਨਤੀ:** ਹਿਸਟਰੀ-ਸੋਸ਼ਲ ਸਾਇੰਸ **UC/CSU a-g:** A

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਵਿਦਿਆਰਥੀ ਆਲੋਚਨਾਤਮਕ ਸੋਚ ਅਤੇ ਪ੍ਰਸ਼ਨ, ਤੁਲਨਾਤਮਕ ਵਿਸ਼ਲੇਸ਼ਣ, ਸਮੱਸਿਆ ਹੱਲ ਕਰਨਾ, ਅਤੇ ਮੁਲਾਂਕਣ ਦੇ ਹੁਨਰ ਦਾ ਪ੍ਰਦਰਸ਼ਨ ਕਰਨਗੇ। ਇਸ ਕਲਾਸ ਦੇ ਫੋਕਸ ਵਿੱਚ ਲਿਖਣ, ਖੋਜ ਅਤੇ ਵਿਸ਼ਲੇਸ਼ਣਾਤਮਕ ਹੁਨਰ ਦਾ ਵਿਕਾਸ ਸ਼ਾਮਲ ਹੈ। ਵਿਦਿਆਰਥੀ ਸੁਤੰਤਰ ਅਤੇ ਸਮੂਹ ਅਸਾਈਨਮੈਂਟਾਂ, ਗਤੀਵਿਧੀਆਂ, ਲੇਖਾਂ ਅਤੇ ਪ੍ਰੋਜੈਕਟਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਕੇ ਇਹਨਾਂ ਹੁਨਰਾਂ ਦਾ ਪ੍ਰਦਰਸ਼ਨ ਕਰਨਗੇ।
ਸਰਗਰਮ ਪੜ੍ਹਾਈ ਅਤੇ ਵਿਸ਼ੇ ਦੀ ਖੋਜ ਦੁਆਰਾ, ਵਿਦਿਆਰਥੀਆਂ ਨੂੰ ਅਮਰੀਕੀ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਜੀਵਨ ਨੂੰ ਆਕਾਰ ਦੇਣ ਵਾਲੇ ਰਾਜਨੀਤਿਕ ਅਤੇ ਆਰਥਿਕ ਸੰਕਲਪਾਂ ਦੀ ਡੂੰਘੀ ਸਮਝ ਹੋਵੇਗੀ। ਵਿਦਿਆਰਥੀ ਅਮਰੀਕੀ ਸਰਕਾਰ ਦੀ ਬੁਨਿਆਦ, ਅਮਰੀਕੀ ਸੰਵਿਧਾਨ, ਸੰਘੀ, ਰਾਜ ਅਤੇ ਸਥਾਨਕ ਸਰਕਾਰਾਂ ਦੀ ਭੂਮਿਕਾ, ਅਤੇ ਸਰਕਾਰ ਅਤੇ ਉਹਨਾਂ ਦੇ ਭਾਈਚਾਰੇ ਵਿੱਚ ਇੱਕ ਅਮਰੀਕੀ ਨਾਗਰਿਕ ਵਜੋਂ ਉਹਨਾਂ ਦੇ ਸੰਬੰਧ ਅਤੇ ਜ਼ਿੰਮੇਵਾਰੀ ਬਾਰੇ ਗਿਆਨ ਸਿੱਖਣਗੇ ਅਤੇ ਪ੍ਰਦਰਸ਼ਿਤ ਕਰਨਗੇ। ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ, ਵਿਦਿਆਰਥੀ ਵਿਦੇਸ਼ ਨੀਤੀ ਅਤੇ ਆਰਥਿਕ ਮੁੱਦਿਆਂ ਬਾਰੇ ਵੀ ਚੰਗੀ ਤਰ੍ਹਾਂ ਜਾਣੂ ਹੋਣਗੇ, ਅਤੇ ਨੌਜਵਾਨਾਂ ਵਜੋਂ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਗੇ।
ਨੌਵੇਂ ਗ੍ਰੇਡ ਦੇ ਸੀਵਿਕਸ (ਨਾਗਰਿਕ ਵਿਗਿਆਨ) ਨੂੰ ਸਮਕਾਲੀ ਅਮਰੀਕੀ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਗਿਆਨ ਦਾ ਅਧਾਰ ਪ੍ਰਦਾਨ ਕਰਨ ਅਤੇ ਉਹਨਾਂ ਵਿੱਚ ਭਾਗੀਦਾਰੀ ਵਾਲੀ ਜਮਹੂਰੀਅਤ ਦੀ ਪ੍ਰਕਿਰਤੀ ਅਤੇ ਸੰਚਾਲਨ ਦੀ ਪ੍ਰਸ਼ੰਸਾ ਪੈਦਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਕੋਰਸ ਅਮਰੀਕੀ ਲੋਕਤੰਤਰ ਵਿੱਚ ਜ਼ਿੰਮੇਵਾਰ ਨਾਗਰਿਕਤਾ ਦੇ ਵਿਚਾਰ ਅਤੇ ਰਾਜਨੀਤਿਕ ਪ੍ਰਕਿਰਿਆ ਵਿੱਚ ਸ਼ਮੂਲੀਅਤ ਦਾ ਮਹੱਤਵ ਪੇਸ਼ ਕਰਦਾ ਹੈ। ਇਹ ਕੋਰਸ ਰਾਜਨੀਤਕ ਵਿਕਾਸ ਅਤੇ ਰਾਸ਼ਟਰੀ ਸੰਸਥਾਵਾਂ ਨੂੰ ਪ੍ਰਭਾਵਤ ਕਰਨ ਵਾਲੀਆਂ ਸ਼ਕਤੀਸ਼ਾਲੀ ਸ਼ਕਤੀਆਂ ਵਜੋਂ ਆਰਥਿਕ ਸਿਧਾਂਤਾਂ, ਅਭਿਆਸਾਂ ਅਤੇ ਨੀਤੀਆਂ 'ਤੇ ਵੀ ਵਿਚਾਰ ਕਰਦਾ ਹੈ।

# ਹਿਸਟਰੀ-ਸੋਸ਼ਲ ਸਾਇੰਸ

## ਵਰਲਡ ਜਿਆਗ੍ਰਫੀ

ਸਾਰੇ ਸਕੂਲ

**ਗ੍ਰੇਡ:** 9 **ਮਿਆਦ:** ਅੱਧਾ ਸਾਲ

**HS ਗ੍ਰੇਡ ਬੇਨਤੀ:** ਹਿਸਟਰੀ-ਸੋਸ਼ਲ ਸਾਇੰਸ **UC/CSU a-g:** A

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਵਰਲਡ ਜਿਆਗ੍ਰਫੀ (ਵਿਸ਼ਵ ਭੂਗੋਲ) ਇੱਕ-ਸਮੈਸਟਰ ਦੀ ਕਲਾਸ ਹੈ। ਚਰਚਾਵਾਂ ਵਿੱਚ ਭੂਗੋਲਿਕ ਸ਼ਬਦਾਂ, ਸਥਾਨਾਂ, ਸਭਿਆਚਾਰਾਂ, ਜਲਵਾਯੂ, ਵਾਤਾਵਰਣ, ਅਤੇ ਵਿਸ਼ਵਵਿਆਪੀ ਮੁੱਦਿਆਂ 'ਤੇ ਮਨੁੱਖਾਂ ਦੇ ਪ੍ਰਭਾਵ ਸ਼ਾਮਲ ਹੋਣਗੇ। ਕੋਰਸ ਵਿੱਚ ਭੂਗੋਲ ਦੇ ਪੰਜ ਥੀਮ, ਵੱਖ-ਵੱਖ ਨਕਸ਼ੇ, ਭੂਗੋਲਿਕ ਸ਼ਬਦਾਵਲੀ, ਅਤੇ ਵਾਤਾਵਰਣ ਸੰਬੰਧੀ ਮੁੱਦਿਆਂ ਨੂੰ ਸ਼ਾਮਲ ਕੀਤਾ ਜਾਵੇਗਾ। ਵਿਦਿਆਰਥੀ ਭੂਗੋਲਿਕ ਖੇਤਰਾਂ ਦੀ ਪੜਚੋਲ ਕਰਨਗੇ ਅਤੇ ਹਰੇਕ ਖੇਤਰ ਦੀਆਂ ਮੂਲ ਗੱਲਾਂ ਦੇ ਨਾਲ-ਨਾਲ ਸਰੀਰਕ ਅਤੇ ਸੱਭਿਆਚਾਰਕ ਤੌਰ 'ਤੇ ਪ੍ਰਭਾਵ ਬਾਰੇ ਚਰਚਾ ਕਰਨਗੇ।

## ਵਰਲਡ ਹਿਸਟਰੀ

ਸਾਰੇ ਸਕੂਲ

**ਗ੍ਰੇਡ:** 10-11 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਹਿਸਟਰੀ-ਸੋਸ਼ਲ ਸਾਇੰਸ **UC/CSU a-g:** A

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਵਰਲਡ ਹਿਸਟਰੀ (ਵਿਸ਼ਵ ਇਤਿਹਾਸ) ਵਿੱਚ, ਵਿਦਿਆਰਥੀ ਕਲਾਸੀਕਲ ਯੁੱਗ ਤੋਂ ਸ਼ੁਰੂ ਕਰਕੇ ਅਤੇ ਸ਼ੀਤ ਯੁੱਧ ਤੋਂ ਬਾਅਦ ਦੇ ਦੌਰ ਤੱਕ ਦੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਦਾ ਅਧਿਐਨ ਕਰਨਗੇ। ਵਿਸ਼ਿਆਂ ਵਿੱਚ ਏਨਲਈਟਮੈਂਟ, ਫਰਾਂਸੀਸੀ ਇਨਕਲਾਬ ਦਾ ਯੁੱਗ ਅਤੇ ਨੈਪੋਲੀਅਨ ਦੌਰ, ਉਦਯੋਗਿਕ ਕ੍ਰਾਂਤੀ, ਸਾਮਰਾਜਵਾਦ, ਰਾਸ਼ਟਰਵਾਦ, ਵਿਸ਼ਵ ਯੁੱਧ । ਅਤੇ ਵਿਸ਼ਵ ਯੁੱਧ ।।, ਵੀਹਵੀਂ ਸਦੀ ਵਿੱਚ ਕਮਿਊਨਿਜ਼ਮ ਅਤੇ ਫਾਸੀਵਾਦ, ਹੋਲੋਕਾਸਟ, ਅਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੀਆਂ ਚੀਆਂ ਸ਼ਾਮਲ ਹੋਣਗੀਆਂ। ਇਹਨਾਂ ਯੁੱਗਾਂ ਦਾ ਅਧਿਐਨ ਕਰਨ ਵਿੱਚ, ਵਿਦਿਆਰਥੀ ਇਤਿਹਾਸਿਕ ਜੜ੍ਹਾਂ ਨੂੰ ਮੌਜੂਦਾ ਵਿਸ਼ਵ ਘਟਨਾਵਾਂ ਨਾਲ ਜੋੜਨਗੇ। ਉਹ ਰਾਜਨੀਤਿਕ ਪ੍ਰਣਾਲੀਆਂ, ਸੱਭਿਆਚਾਰਕ ਪ੍ਰਸਾਰ, ਰਾਸ਼ਟਰਵਾਦ, ਇਨਕਲਾਬ, ਨਸਲਕੁਸ਼ੀ, ਮਨੁੱਖੀ ਅਧਿਕਾਰਾਂ ਅਤੇ ਆਰਥਿਕ ਪ੍ਰਣਾਲੀਆਂ ਬਾਰੇ ਸਿੱਖਣਗੇ।

# ਹਿਸਟਰੀ-ਸੋਸ਼ਲ ਸਾਇੰਸ

### ਆਨਰਜ਼ ਯੂਨਾਈਟਿਡ ਸਟੇਟਸ ਹਿਸਟਰੀ/ਮਾਡਲ ਯੂਨਾਈਟਿਡ ਨੇਸ਼ਨਜ਼

ਸਾਰੇ ਸਕੂਲ

**ਗ੍ਰੇਡ:** 10-12 **ਮਿਆਦ:** ਪੂਰਾ ਸਾਲ

**HS ਗ੍ਰੇਡ ਬੇਨਤੀ:** ਹਿਸਟਰੀ-ਸੋਸ਼ਲ ਸਾਇੰਸ **UC/CSU a-g:** A

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਆਨਰਜ਼ ਯੂਨਾਈਟਿਡ ਸਟੇਟਸ ਹਿਸਟਰੀ/ਮਾਡਲ ਯੂਨਾਈਟਿਡ ਨੇਸ਼ਨਜ਼ ਕੋਰਸ ਸਥਾਨਕ ਮਾਡਲ ਯੂਨਾਈਟਿਡ ਨੇਸ਼ਨਜ਼ ਕਾਨਫਰੰਸਾਂ ਦੀ ਤਿਆਰੀ ਅਤੇ ਭਾਗੀਦਾਰੀ ਦੇ ਨਾਲ ਯੂਨਾਈਟਿਡ ਸਟੇਟਸ ਹਿਸਟਰੀ ਦੇ ਤੇਜ਼ ਪਾਠਕ੍ਰਮ ਨੂੰ ਮਿਲਾ ਕੇ ਅੰਤ ਵਿੱਚ ਵਿਦਿਆਰਥੀਆਂ ਨੂੰ ਸੂਚਿਤ, ਸਰਗਰਮ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਤਿਆਰ ਕਰੇਗਾ।

ਵਿਦਿਆਰਥੀਆਂ ਦਾ ਵੱਖ-ਵੱਖ ਫਾਰਮੈਟਾਂ ਵਿੱਚ ਮੁਲਾਂਕਣ ਕੀਤਾ ਜਾਵੇਗਾ ਜਿਸ ਵਿੱਚ ਟੈਸਟ, ਪ੍ਰੋਜੈਕਟ, ਰਿਸਰਚ, ਮੌਖਿਕ ਪੇਸ਼ਕਾਰੀਆਂ, ਬਹਿਸ, ਦਸਤਾਵੇਜ਼-ਅਧਾਰਿਤ ਸਵਾਲ, ਇਤਿਹਾਸਕ ਸਿਮੂਲੇਸ਼ਨ, ਰਾਜਨੀਤਿਕ ਭੂਗੋਲ, ਅਤੇ ਮੁਢਲੀ ਸਰੋਤ ਸਮੱਗਰੀ ਦਾ ਵਿਸ਼ਲੇਸ਼ਣ ਸ਼ਾਮਲ ਹਨ। ਵਿਦਿਆਰਥੀ ਅਜਿਹੀਆਂ ਬੌਧਿਕ ਫੋਰਮਾਂ ਵਿੱਚ, ਜੋ ਕਿਰਿਆਸ਼ੀਲ ਭਾਗੀਦਾਰੀ, ਆਲੋਚਨਾਤਮਕ ਸੋਚ ਦੇ ਹੁਨਰ, ਅਤੇ ਸਮੱਸਿਆ ਨੂੰ ਹੱਲ ਕਰਨ ਦੀ ਇੱਛਾ ਦੀ ਮੰਗ ਕਰਦੀਆਂ ਹਨ, ਲਗਾਤਾਰ ਗਤੀਵਿਧੀਆਂ ਵਿੱਚ ਰੁੱਝੇ ਰਹਿਣਗੇ ਜੋ ਉਹਨਾਂ ਨੂੰ ਪਾਠਕ੍ਰਮ ਸਮੱਗਰੀ ਦੀ ਪੜਚੋਲ ਅਤੇ ਇਸ 'ਤੇ ਪ੍ਰਕਿਰਿਆ ਕਰਨ ਦਾ ਮੌਕਾ ਦਿੰਦੀਆਂ ਹਨ। ਇਸ ਕਲਾਸ ਦੇ ਪਾਠਕ੍ਰਮ ਦਾ ਫੋਕਸ ਅਮਰੀਕਾ ਵਿੱਚ ਵੀਹਵੀਂ ਸਦੀ ਦੀਆਂ ਘਟਨਾਵਾਂ 'ਤੇ ਹੋਵੇਗਾ। 1900 ਦੇ ਦਹਾਕੇ ਦੀ ਸ਼ੁਰੂਆਤ ਤੋਂ, ਵਿਦਿਆਰਥੀ ਅਮਰੀਕਾ ਦੇ ਆਰਥਿਕ ਅਤੇ ਰਾਜਨੀਤਿਕ ਵਿਕਾਸ ਅਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇੱਕ ਮਹਾਂਸ਼ਕਤੀ ਵਜੋਂ ਇਸ ਦੇ ਉਭਰਨ ਦੀ ਜਾਂਚ ਕਰਨਗੇ।

# ਮੈਥੇਮੈਟਿਕਸ

## ਇਨਟੈਗਰੇਟਿਡ ਮੈਥੇਮੈਟਿਕਸ ।

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** ਮੈਥੇਮੈਟਿਕਸ **UC/CSU a-g:** C

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਇਨਟੈਗਰੇਟਿਡ ਮੈਥ । ਤਿੰਨ-ਕੋਰਸਾਂ ਦੇ ਕ੍ਰਮ ਦਾ ਪਹਿਲਾ ਕੋਰਸ ਹੈ ਜਿਸ ਵਿੱਚ ਇਨਟੈਗਰੇਟਿਡ ਮੈਥ ।, ਇਨਟੈਗਰੇਟਿਡ ਮੈਥ ॥, ਅਤੇ ਇਨਟੈਗਰੇਟਿਡ ਮੈਥ ||| ਸ਼ਾਮਲ ਹਨ। ਇਹ ਇੱਕ ਸਾਲ ਦਾ ਕੋਰਸ ਹੈ ਜੋ 9ਵੇਂ ਜਾਂ 10ਵੇਂ ਗ੍ਰੇਡ ਦੇ ਉਹਨਾਂ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ ਹੈ ਜੋ ਇਨਟੈਗਰੇਟਿਡ ਪਾਥਵੇਅ ਮਾਡਲ ਲਈ ਕੈਲੀਫੋਰਨੀਆ ਦੇ ਆਮ ਮੁੱਖ ਮਿਆਰਾਂ ਨੂੰ ਪੂਰਾ ਕਰਦੇ ਹਨ। ਵਿਸ਼ੇ ਰੇਖਿਕ ਸਮੀਕਰਨਾਂ ਅਤੇ ਅਸਮਾਨਤਾਵਾਂ (ਗ੍ਰਾਫਿੰਗ, ਲਿਖਣਾ, ਹੱਲ ਕਰਨਾ), ਅਤੇ ਨਾਲ ਹੀ ਉਹਨਾਂ ਫੰਕਸ਼ਨਾਂ ਦੀਆਂ ਪ੍ਰਣਾਲੀਆਂ 'ਤੇ ਕੇਂਦ੍ਰਿਤ ਹੁੰਦੇ ਹਨ। ਘਾਤ ਵਾਲੇ ਫੰਕਸ਼ਨਾਂ ਦੀ ਵੀ ਪੜਚੋਲ ਕੀਤੀ ਜਾਂਦੀ ਹੈ। ਕੋਰਸ ਦੇ ਜਿਓਮੈਟਰੀ ਹਿੱਸੇ ਵਿੱਚ ਮੂਲ ਸਾਧਨ, ਤਿਕੋਣ ਇਕਸਾਰਤਾ, ਅਤੇ ਸਮਾਨਾਂਤਰ ਰੇਖਾਵਾਂ ਦਾ ਅਧਿਐਨ ਸ਼ਾਮਲ ਹੁੰਦਾ ਹੈ।

## ਇਨਟੈਗਰੇਟਿਡ ਮੈਥੇਮੈਟਿਕਸ ॥

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** ਮੈਥੇਮੈਟਿਕਸ **UC/CSU a-g:** C

**ਪੂਰਵ-ਲੋੜ:** ਇਨਟੈਗਰੇਟਿਡ ਮੈਥੇਮੈਟਿਕਸ ।

**ਕੋਰਸ ਦਾ ਵਰਣਨ:** ਇਨਟੈਗਰੇਟਿਡ ਮੈਥ । ਤਿੰਨ-ਕੋਰਸਾਂ ਦੇ ਕ੍ਰਮ ਦਾ ਦੂਜਾ ਕੋਰਸ ਹੈ ਜਿਸ ਵਿੱਚ ਇਨਟੈਗਰੇਟਿਡ ਮੈਥ ।, ਇਨਟੈਗਰੇਟਿਡ ਮੈਥ ॥, ਅਤੇ ਇਨਟੈਗਰੇਟਿਡ ਮੈਥ ||| ਸ਼ਾਮਲ ਹਨ। ਇਹ ਇੱਕ ਸਾਲ ਦਾ ਕੋਰਸ ਹੈ ਜੋ 10ਵੇਂ ਜਾਂ 11ਵੇਂ ਗ੍ਰੇਡ ਦੇ ਉਹਨਾਂ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ ਹੈ ਜੋ ਇਨਟੈਗਰੇਟਿਡ ਪਾਥਵੇਅ ਮਾਡਲ ਲਈ ਕੈਲੀਫੋਰਨੀਆ ਦੇ ਆਮ ਮੁੱਖ ਮਿਆਰਾਂ ਨੂੰ ਪੂਰਾ ਕਰਦੇ ਹਨ। ਇਨਟੈਗਰੇਟਿਡ ਮੈਥ ॥ ਵਿਦਿਆਰਥੀਆਂ ਦੇ ਅਲਜਬਰਾ ਅਤੇ ਜਿਓਮੈਟਰੀ ਦੇ ਧਾਰਨਾਤਮਕ ਗਿਆਨ ਨੂੰ ਬਣਾਉਂਦਾ ਅਤੇ ਮਜ਼ਬੂਤ ਕਰਦਾ ਹੈ। ਪਹਿਲੇ ਅੱਧ ਦੇ ਮੁੱਖ ਵਿਸ਼ਿਆਂ ਵਿੱਚ ਤਰਕ ਅਤੇ ਸਬੂਤ, ਤਿਕੋਣਾਂ, ਚਤੁਰਭੁਜਾਂ ਅਤੇ ਚੱਕਰਾਂ ਦੀਆਂ ਵਿਸ਼ੇਸ਼ਤਾਵਾਂ, ਟ੍ਰਿਗਨੋਮੈਟਰੀ, ਅਤੇ ਜਿਓਮੈਟ੍ਰਿਕ ਸਮਾਨਤਾ ਸ਼ਾਮਲ ਹਨ। ਦੂਜੇ ਅੱਧ ਦੇ ਮੁੱਖ ਵਿਸ਼ਿਆਂ ਵਿੱਚ ਪਰਿਵਰਤਨ, ਤਿਕੋਣ ਸਬੰਧ, ਅਤੇ ਚਤੁਰਭੁਜ ਸ਼ਾਮਲ ਹਨ।
ਇਨਟੈਗਰੇਟਿਡ ਮੈਥ ॥ ਦਾ ਉਦੇਸ਼ ਵਿਦਿਆਰਥੀ ਦੀ ਗਣਿਤਕ ਅਤੇ ਧਾਰਨਾਤਮਕ ਤੌਰ 'ਤੇ ਸੋਚਣ ਦੀ ਯੋਗਤਾ ਨੂੰ ਵਿਕਸਿਤ ਕਰਨਾ ਹੈ। ਇਨਟੈਗਰੇਟਿਡ ਮੈਥ ॥ ਪਿਛਲੇ ਗ੍ਰੇਡਾਂ ਵਿੱਚ ਸਿੱਖੀਆਂ ਗਈਆਂ ਧਾਰਨਾਵਾਂ ਦਾ ਨਿਰਮਾਣ ਅਤੇ ਵਿਸਤਾਰ ਕਰੇਗਾ ਅਤੇ ਉੱਚ ਪੱਧਰੀ ਕੋਰਸਾਂ ਲਈ ਲੋੜੀਂਦੇ ਅਲਜਬਰਾ, ਜਿਓਮੈਟਰੀ, ਅਤੇ ਅੰਕੜਿਆਂ ਦੇ ਵਿਚਕਾਰ ਸੰਬੰਧਾਂ ਨੂੰ ਹੋਰ ਵਿਕਸਿਤ ਕਰੇਗਾ। ਅਸਲ-ਸੰਸਾਰ ਦੀਆਂ ਸਥਿਤੀਆਂ, ਸਾਰਣੀਆਂ, ਗ੍ਰਾਫ਼ ਅਤੇ ਚਿੱਤਰਾਂ ਦੀ ਵਿਆਪਕ ਵਰਤੋਂ ਨਾਲ ਵਿਦਿਆਰਥੀ ਵਿਸ਼ਿਆਂ ਵਿਚਕਾਰ ਸੰਬੰਧਾਂ ਨੂੰ ਦੇਖ ਸਕਣਗੇ। ਇਸ ਤੋਂ ਇਲਾਵਾ, ਵਿਦਿਆਰਥੀ ਗ੍ਰਾਫਿਕ ਅਤੇ ਅਲਜਬਰੇ ਦੇ ਤਰੀਕੇ ਨਾਲ ਸਮੱਸਿਆਵਾਂ ਨੂੰ ਹੱਲ ਕਰਨਾ ਸਿੱਖਣਗੇ ਅਤੇ ਲਿਖਣ ਅਤੇ ਬੋਲਣ ਦੁਆਰਾ ਆਪਣੀ ਸਿੱਖਿਆ ਨੂੰ ਪ੍ਰਗਟ ਕਰ ਸਕਣਗੇ।

# ਮੈਥੇਮੈਟਿਕਸ

## ਇਨਟੈਗਰੇਟਿਡ ਮੈਥੇਮੈਟਿਕਸ III

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** ਮੈਥੇਮੈਟਿਕਸ **UC/CSU a-g:** C

**ਪੂਰਵ-ਲੋੜ:** ਇਨਟੈਗਰੇਟਿਡ ਮੈਥੇਮੈਟਿਕਸ II

**ਕੋਰਸ ਦਾ ਵਰਣਨ:** ਇਨਟੈਗਰੇਟਿਡ ਮੈਥ III 3-ਭਾਗਾਂ ਵਾਲਾ ਦੀ ਲੜੀ ਦਾ ਤੀਜਾ ਭਾਗ ਹੈ ਜੋ ਅਲਜਬਰਾ II, ਜਿਓਮੈਟਰੀ, ਪ੍ਰੋਬੇਬਿਲਟੀ ਅਤੇ ਸਟੈਟਿਸਟਿਕਸ, ਟ੍ਰਿਗਨੋਮੈਟਰੀ, ਅਤੇ ਪ੍ਰੀ-ਕੈਲਕੂਲਸ ਦੀਆਂ ਧਾਰਨਾਵਾਂ ਨੂੰ ਕਵਰ ਕਰਦਾ ਹੈ। ਇਸਦਾ ਉਦੇਸ਼ ਇਹਨਾਂ ਧਾਰਨਾਵਾਂ ਨੂੰ ਇੱਕ ਤਰਕਸੰਗਤ ਕ੍ਰਮ ਵਿੱਚ ਏਕੀਕ੍ਰਿਤ ਕਰਨਾ ਅਤੇ ਗੈਰ-ਵਿਵੇਕਲੇ ਢੰਗ ਨਾਲ ਵਿਦਿਆਰਥੀ ਦੀ ਸਿਖਲਾਈ ਨੂੰ ਉਤਸ਼ਾਹਿਤ ਕਰਨਾ ਹੈ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਕਾਮਨ ਕੋਰ ਸਟੇਟ ਸਟੈਂਡਰਡਸ ਦੀ ਵਰਤੋਂ ਕਰਦੇ ਹੋਏ, ਵਿਅਕਤੀਗਤ ਤਰੀਕੇ ਨਾਲ ਸਹਿਯੋਗੀ ਮਾਹੌਲ ਵਿੱਚ ਚੁਣੌਤੀ ਦਿੱਤੇ ਜਾਣ ਦਾ ਮੌਕਾ ਦਿੰਦਾ ਹੈ। ਇਹ ਵਿਦਿਆਰਥੀਆਂ ਨੂੰ ਵੱਖ-ਵੱਖ ਗਣਿਤਿਕ ਧਾਰਨਾਵਾਂ ਬਾਰੇ ਸੋਚਣ ਅਤੇ ਤਰਕ ਕਰਕੇ ਗਣਿਤ ਦੇ ਮਿਆਰਾਂ ਦਾ ਅਭਿਆਸ ਕਰਨ ਅਤੇ ਟੇਬਲ, ਗ੍ਰਾਫ, ਅਤੇ ਕ੍ਰੋਮਬੁੱਕ ਵਰਗੇ ਟੂਲ ਦੀ ਵਰਤੋਂ ਕਰਨ ਦਾ ਮੌਕਾ ਦੇਵੇਗਾ। ਵਿਦਿਆਰਥੀ ਪਹਿਲਾਂ ਕਵਰ ਕੀਤੇ ਗਏ ਵਿਸ਼ਿਆਂ ਦੇ ਆਪਣੇ ਗਿਆਨ ਦਾ ਵਿਸਤਾਰ ਕਰਨਗੇ, ਨਾਲ ਹੀ ਨਵੇਂ ਵਿਸ਼ਿਆਂ ਜਿਵੇਂ ਕਿ ਪੋਲੋਨਿਮਿਅਲ, ਰੈਸ਼ਨਲ, ਅਤੇ ਟ੍ਰਿਗਨੋਮੈਟਰੀ ਫੰਕਸ਼ਨਾਂ ਬਾਰੇ ਸਿੱਖਣਗੇ।

# ਵਿਗਿਆਨ

## ਬਾਇਓਲੋਜੀ - ਦਿ ਲਿਵਿੰਗ ਅਰਥ

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** ਲਾਈਫ ਸਾਇੰਸ **UC/CSU a-g:** D

**ਪੂਰਵ-ਲੋੜ:** ਕੋਈ ਨਹੀਂ

**ਸਹਿ-ਜ਼ਰੂਰੀ:** ਇਨਟੈਗਰੇਟਿਡ ਮੈਥ I

**ਕੋਰਸ ਦਾ ਵਰਣਨ:** ਬਾਇਓਲੋਜੀ - ਦਿ ਲਿਵਿੰਗ ਅਰਥ (ਜੀਵ-ਵਿਗਿਆਨ - ਜੀਵਿਤ ਧਰਤੀ) ਕੈਲੀਫੋਰਨੀਆ ਹਾਈ ਸਕੂਲ ਥ੍ਰੀ-ਕੋਰਸ ਮਾਡਲ 'ਤੇ ਅਧਾਰਤ ਹੈ, ਅਤੇ ਕੈਲੀਫੋਰਨੀਆ ਸਟੇਟ ਸਾਇੰਸ ਫ੍ਰੇਮਵਰਕ ਦੇ ਚੈਪਟਰ 7 ਵਿੱਚ ਦੱਸੇ ਗਏ ਅਨੁਸਾਰ ਸੁਝਾਏ ਗਏ ਕ੍ਰਮ ਦੀ ਪਾਲਣਾ ਕਰਦਾ ਹੈ। ਇਹ ਕੋਰਸ ਜੀਵਨ ਅਤੇ ਧਰਤੀ ਦੀਆਂ ਪ੍ਰਣਾਲੀਆਂ ਦੇ ਪਰਸਪਰ ਪ੍ਰਭਾਵ 'ਤੇ ਕੇਂਦ੍ਰਿਤ ਹੈ ਅਤੇ ਇੱਕ ਖੋਜ ਲੈਂਸ ਦੁਆਰਾ ਪੜ੍ਹਾਇਆ ਜਾਂਦਾ ਹੈ ਜਿਸ ਨਾਲ ਵਿਦਿਆਰਥੀ ਕੁਦਰਤੀ ਵਰਤਾਰਿਆਂ ਦੀ ਜਾਂਚ ਕਰਦੇ ਹਨ ਅਤੇ ਅਧਿਆਪਕ ਦੇ ਮਾਰਗਦਰਸ਼ਨ ਨਾਲ ਵਿਗਿਆਨਕ ਧਾਰਨਾਵਾਂ ਦਾ ਪਤਾ ਲਗਾਉਣ ਦਾ ਮੌਕਾ ਦਿੱਤਾ ਜਾਂਦਾ ਹੈ। ਇਹ ਇੱਕ ਸ਼ੁਰੂਆਤੀ ਲੈਬਨੇਰਟਰੀ ਸਾਇੰਸ ਕੋਰਸ ਹੈ, ਜੋ ਰੁਝੇਵਿਆਂ ਨੂੰ ਵਧਾਉਣ ਅਤੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸੋਚ ਵਿਕਸਿਤ ਕਰਨ ਲਈ ਪ੍ਰੇਰਿਤ ਕਰਨ ਲਈ ਤਿਆਰ ਕੀਤੀਆਂ ਗਈਆਂ ਖੋਜ ਗਤੀਵਿਧੀਆਂ ਦੁਆਰਾ, ਅੱਠ ਸਾਇੰਸ ਐਂਡ ਇੰਜਨੀਅਰਿੰਗ ਪ੍ਰੈਕਟਿਸਿਜ਼ (SEP), ਅਤੇ ਸੱਤ ਕਰਾਸ ਕਟਿੰਗ ਕਨਸੈਪਟ (CCC) ਸਮੇਤ, ਬੁਨਿਆਦੀ ਵਿਗਿਆਨਕ ਹੁਨਰਾਂ ਨੂੰ ਵਿਕਸਤ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਕੋਰਸ ਵਿਦਿਆਰਥੀਆਂ ਨੂੰ ਉੱਚ ਪੱਧਰੀ ਵਿਗਿਆਨ ਲਈ ਤਿਆਰ ਕਰੇਗਾ ਅਤੇ ਵਿਸ਼ਵ ਨਾਗਰਿਕ ਵਜੋਂ ਉਹਨਾਂ ਦਾ ਸਮਰਥਨ ਕਰੇਗਾ।

## ਅਰਥ ਸਿਸਟਮ ਵਿੱਚ ਕੈਮਿਸਟਰੀ

ਸਾਰੇ ਸਕੂਲ

**ਗ੍ਰੇਡ:** 10-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** ਸਰੀਰਕ ਵਿਗਿਆਨ **UC/CSU a-g:** D

**ਪੂਰਵ-ਲੋੜ:** ਕੋਈ ਨਹੀਂ

**ਸਹਿ-ਜ਼ਰੂਰੀ:** ਇਨਟੈਗਰੇਟਿਡ ਮੈਥ II

**ਕੋਰਸ ਦਾ ਵਰਣਨ**: ਅਰਥ ਸਿਸਟਮ ਵਿੱਚ ਕੈਮਿਸਟਰੀ (ਥਰਤ ਪ੍ਰਣਾਲੀ ਵਿੱਚ ਰਸਾਇਣ ਵਿਗਿਆਨ) ਇੱਕ ਪ੍ਰਯੋਗਸ਼ਾਲਾ-ਅਧਾਰਤ, ਕਾਲਜ-ਤਿਆਰੀ ਕੋਰਸ ਹੈ। ਇਹ ਕੋਰਸ ਇਹ ਜਾਂਚ ਕਰਨ ਲਈ ਇੱਕ ਵਰਤਾਰੇ-ਅਧਾਰਿਤ ਪਹੁੰਚ ਲੈਂਦਾ ਹੈ ਕਿ ਕਿਵੇਂ ਰਸਾਇਣਕ ਪ੍ਰਕਿਰਿਆਵਾਂ ਧਰਤੀ ਪ੍ਰਣਾਲੀ ਨੂੰ ਚਲਾਉਣ ਵਿੱਚ ਮਦਦ ਕਰਦੀਆਂ

ਹਨ। ਕੋਰਸ ਧਰਤੀ ਪ੍ਣਾਲੀ ਦੇ ਨਾਲ ਮਨੁੱਖੀ ਪਰਸਪਰ ਪ੍ਭਾਵ ਬਾਰੇ ਇੱਕ ਖਾਸ ਕਹਾਣੀ ਦੇ ਅਧਾਰ ਤੇ ਕ੍ਮਬੱਧ ਕੀਤਾ ਗਿਆ ਹੈ। ਇਸ ਤਰ੍ਹਾਂ, ਕੋਰਸ ਭੌਤਿਕ ਵਿਗਿਆਨ ਅਤੇ ਧਰਤੀ ਵਿਗਿਆਨ ਅਨੁਸਾਸ਼ਨੀ ਮੁੱਖ ਵਿਚਾਰ (Disciplinary Core Ideas - DCI) ਦੋਵਾਂ 'ਤੇ ਧਿਆਨ ਕੇਂਦ੍ਰਿਤ ਕਰੇਗਾ। ਕੋਰਸ ਵਿਗਿਆਨ ਅਤੇ ਇੰਜੀਨੀਅਰਿੰਗ ਅਭਿਆਸਾਂ (SEP) ਅਤੇ ਕਰਾਸ ਕਟਿੰਗ ਸੰਕਲਪਾਂ (CCC) ਦੇ ਨਿਰੰਤਰ ਵਿਕਾਸ 'ਤੇ ਵੀ ਜ਼ੋਰ ਦਿੰਦਾ ਹੈ। ਛੇ ਹਿਦਾਇਤੀ ਭਾਗਾਂ ਵਿੱਚੋਂ ਹਰ ਇੱਕ ਖਾਸ ਵਰਤਾਰੇ ਦੇ ਨਿਰੀਖਣਾਂ ਬਾਰੇ ਸਵਾਲਾਂ 'ਤੇ ਕੇਂਦਰਿਤ ਹੈ। ਕੋਰਸ ਦੇ ਪੂਰਾ ਹੋਣ 'ਤੇ, ਵਿਦਿਆਰਥੀਆਂ ਨੇ ਰਸਾਇਣ ਵਿਗਿਆਨ ਦੀਆਂ ਬੁਨਿਆਦੀ ਗੱਲਾਂ ਅਤੇ ਜ਼ਰੂਰੀ ਭੂਮਿਕਾਵਾਂ ਦੀ ਪੜਚੋਲ ਕਰ ਲਈ ਹੋਵੇਗੀ ਜੋ ਇਹ ਪ੍ਕਿਰਿਆਵਾਂ ਧਰਤੀ ਦੇ ਠੋਸ ਭੂ-ਮੰਡਲ, ਇਸ ਦੇ ਤਰਲ ਹਾਈਡ੍ਰੋਸਫੀਅਰ, ਅਤੇ ਇਸਦੇ ਗੈਸੀ ਵਾਯੂਮੰਡਲ ਵਿੱਚ ਨਿਭਾਉਂਦੀਆਂ ਹਨ।

# ਵਿਗਿਆਨ

## ਯੂਨੀਵਰਸ ਵਿੱਚ ਫਿਜੀਕਸ

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** ਸਰੀਰਕ ਵਿਗਿਆਨ **UC/CSU a-g:** D

**ਪੂਰਵ-ਲੋੜ:** ਕੋਈ ਨਹੀਂ

**ਸਹਿ-ਜ਼ਰੂਰੀ:** ਇਨਟੈਗ੍ਰੇਟਿਡ ਮੈਥ 1

**ਕੋਰਸ ਦਾ ਵਰਣਨ:** ਯੂਨੀਵਰਸ ਵਿੱਚ ਫਿਜੀਕਸ (ਬ੍ਰਹਿਮੰਡ ਵਿੱਚ ਭੌਤਿਕ ਵਿਗਿਆਨ) ਇੱਕ ਨੈਕਸਟ ਜਨਰੇਸ਼ਨ ਸਾਇੰਸ ਸਟੈਂਡਰਡਸ (NGSS) ਨਾਲ ਇਕਸਾਰ ਕੀਤਾ ਕੋਰਸ ਹੈ ਜਿੱਥੇ ਵਿਦਿਆਰਥੀ ਧਰਤੀ ਅਤੇ ਪੁਲਾੜ ਵਿਗਿਆਨ ਦੇ ਵਰਤਾਰਿਆਂ ਦੇ ਲੈਂਸ ਦੁਆਰਾ ਭੌਤਿਕ ਵਿਗਿਆਨ ਦੀਆਂ ਪ੍ਰਮੁੱਖ ਧਾਰਨਾਵਾਂ ਦੀ ਸਮਝ ਪੈਦਾ ਕਰਦੇ ਹਨ। ਇਸ NGSS ਨਾਲ ਇਕਸਾਰ ਕੀਤੇ ਭੌਤਿਕ ਵਿਗਿਆਨ ਕੋਰਸ ਵਿੱਚ, ਵਿਦਿਆਰਥੀ ਡੇਟਾ ਵਿੱਚ ਪੈਟਰਨ ਲੱਭ ਕੇ ਅਤੇ ਧਾਰਨਾਤਮਕ ਅਤੇ ਗਣਿਤਿਕ ਮਾਡਲ ਬਣਾਉਣ ਲਈ ਪ੍ਰਸ਼ਨ ਪੁੱਛ ਕੇ ਵਿਗਿਆਨ ਵਿੱਚ ਭਾਗ ਲੈਣਗੇ, ਜਿਸ ਤੋਂ ਭਵਿੱਖਬਾਣੀਆਂ ਕੀਤੀਆਂ ਜਾ ਸਕਦੀਆਂ ਹਨ ਅਤੇ ਵੇਰੀਏਬਲਾਂ ਵਿਚਕਾਰ ਸਬੰਧਾਂ ਦੀ ਪੁਸ਼ਟੀ ਕਰਨ ਲਈ ਰਸਮੀ ਜਾਂਚਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਹਰੇਕ ਯੂਨਿਟ ਵਿੱਚ, ਅਨੁਸ਼ਾਸਨੀ ਮੁੱਖ ਵਿਚਾਰ, ਅਤੇ ਕਰਾਸ ਕਟਿੰਗ ਸਨਸੈਪਟਾਂ (CCC) ਨੂੰ ਇੱਕ "ਕਹਾਣੀ" ਦੁਆਰਾ ਸੰਦਰਭਿਤ ਕੀਤਾ ਜਾਂਦਾ ਹੈ, ਅਤੇ ਵਿਵਿਧ ਸਿਖਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਏ, ਵੱਖ-ਵੱਖ ਤਰੀਕਿਆਂ ਨਾਲ ਯੋਗਤਾ ਨੂੰ ਮਾਪਣ ਲਈ ਮੁਲਾਂਕਣ ਤਿਆਰ ਕੀਤੇ ਜਾਂਦੇ ਹਨ। ਪੜ੍ਹਾਈ ਨੂੰ ਅਨੁਕੂਲ ਕਰਨ ਲਈ ਰਚਨਾਤਮਕ ਮੁਲਾਂਕਣਾਂ ਦੀ ਵਰਤੋਂ ਕੀਤੀ ਜਾਵੇਗੀ, ਜਿਸ ਦੌਰਾਨ ਵਿਦਿਆਰਥੀ ਆਪਣੇ ਸਿੱਖਣ ਦਾ ਸਵੈ-ਮੁਲਾਂਕਣ ਕਰਦੇ ਹਨ, ਆਪਣੀ ਸੋਚ ਨੂੰ ਸੋਧਦੇ ਹਨ, ਗੁੰਝਲਦਾਰ ਵਿਗਿਆਨਕ ਸਿਧਾਂਤਾਂ ਦੀ ਡੂੰਘੀ ਸਮਝ ਪੈਦਾ ਕਰਦੇ ਹਨ, ਅਤੇ ਵਿਗਿਆਨ ਨਾਲ ਅਰਥਪੂਰਨ ਤਰੀਕੇ ਨਾਲ ਜੁੜਦੇ ਹਨ।

# ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ (VAPA)

### ਵਿਜ਼ੂਅਲ/ਕਮਰਸ਼ੀਅਲ ਆਰਟ ਨਾਲ ਜਾਣ-ਪਛਾਣ: ਆਰਟ ।

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** VAPA **UC/CSU a-g:** F

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਆਰਟ । ਇੱਕ ਸਾਲ ਭਰ ਦਾ, ਸ਼ੁਰੂਆਤੀ ਪੱਧਰ ਦਾ ਵਿਜ਼ੂਅਲ ਆਰਟਸ ਕੋਰਸ ਹੈ। ਵਿਦਿਆਰਥੀ ਅਧਿਆਪਕ ਦੁਆਰਾ ਆਯੋਜਿਤ ਪੇਸ਼ਕਾਰੀਆਂ, ਵਿਚਾਰ-ਵਟਾਂਦਰਿਆਂ ਅਤੇ ਪ੍ਰੋਜੈਕਟਾਂ ਦੁਆਰਾ ਡਿਜ਼ਾਇਨ ਦੇ ਬੁਨਿਆਦੀ ਤੱਤਾਂ ਅਤੇ ਸਿਧਾਂਤਾਂ ਬਾਰੇ ਅਤੇ ਉਹਨਾਂ ਨੂੰ ਸਫਲਤਾਪੂਰਵਕ ਲਾਗੂ ਕਰਨ ਦੇ ਤਰੀਕੇ ਬਾਰੇ; ਚੋਣਵੇਂ ਕਲਾ ਇਤਿਹਾਸ; ਇਤਿਹਾਸਕ ਅਤੇ ਸਮਕਾਲੀ ਦੋਵੇਂ ਤਰ੍ਹਾਂ ਦੇ ਚੁਣੇ ਗਏ ਕਲਾਕਾਰ; ਕਲਾਤਮਕ ਸ਼ੈਲੀ ਅਤੇ ਹੁਨਰ ਵਿਕਾਸ; ਕਲਾ ਕਰੀਅਰ; ਅਸਲ ਸੰਸਾਰ ਵਿੱਚ ਅਨੁਸਾਰੀ ਗਿਆਨ ਅਤੇ ਐਪਲੀਕੇਸ਼ਨ; ਅਤੇ ਹੋਰ ਅੰਤਰ-ਅਨੁਸ਼ਾਸਨੀ ਵਿਸ਼ੇ ਬਾਰੇ ਸਿੱਖਣਗੇ। ਇਸ ਗਿਆਨ ਅਤੇ ਹੁਨਰ ਵਿਕਾਸ ਦਾ ਮੁਲਾਂਕਣ ਹਰੇਕ ਵਿਦਿਆਰਥੀ ਤੋਂ ਪ੍ਰੋਜੈਕਟਾਂ ਨੂੰ ਪੂਰਾ ਕਰਨ (ਜ਼ਿਆਦਾਤਰ 2D ਜਿਵੇਂ ਕਿ ਪੈਨਸਿਲ, ਪੇਂਟ, ਅਤੇ ਕੋਲਾਜ), ਟੈਸਟਾਂ, ਪੇਸ਼ਕਾਰੀਆਂ ਅਤੇ ਆਲੋਚਨਾਵਾਂ ਰਾਹੀਂ ਕੀਤਾ ਜਾਵੇਗਾ।

### ਮੀਡੀਆ ਸਟੱਡੀਜ਼

ਸਾਰੇ ਸਕੂਲ

**ਗ੍ਰੇਡ:** 9-12 **ਮਿਆਦ:** ਸਾਲ

**HS ਗ੍ਰੇਡ ਬੇਨਤੀ:** VAPA **UC/CSU a-g:** F

**ਪੂਰਵ-ਲੋੜ:** ਕੋਈ ਨਹੀਂ

**ਕੋਰਸ ਦਾ ਵਰਣਨ:** ਵਿਦਿਆਰਥੀ ਫਿਲਮ ਨਿਰਮਾਣ, ਫਿਲਮ ਥਿਊਰੀ, ਅਤੇ ਸ਼ੁਰੂਆਤ ਤੋਂ ਪ੍ਰੋਡਕਸ਼ਨ ਤਿਆਰ ਕਰਨ ਦੀਆਂ ਮੂਲ ਗੱਲਾਂ ਸਿੱਖਣਗੇ। ਇਹ ਵਿਦਿਆਰਥੀਆਂ ਦੁਆਰਾ ਆਪਣੀਆਂ ਸਮੂਹਿਕ ਫਿਲਮਾਂ ਬਣਾਉਣ ਦੇ ਨਾਲ ਸਮਾਪਤ ਹੋਵੇਗਾ। ਇਸ ਤੋਂ ਇਲਾਵਾ, ਵਿਦਿਆਰਥੀਆਂ ਤੋਂ ਸਾਡੇ ਵਰਤਮਾਨ ਵਿਸ਼ੇ 'ਤੇ ਦੋ-ਹਫ਼ਤਾਵਾਰੀ ਛੋਟੇ ਲੇਖ ਲਿਖਣ, ਉਹਨਾਂ ਦੇ ਆਉਣ ਵਾਲੇ ਪ੍ਰੋਜੈਕਟਾਂ ਲਈ ਲਿਖਤੀ ਪ੍ਰਸਤਾਵ, ਅਤੇ ਲੈਬ ਅਤੇ ਫੀਲਡ ਵਿੱਚ ਉਹਨਾਂ ਦੇ ਉਤਪਾਦਨ ਦੇ ਦੌਰਾਨ ਕੰਮ ਦੇ ਲੌਗ ਬਣਾਉਣ ਦੀ ਉਮੀਦ ਕੀਤੀ ਜਾਵੇਗੀ।

## ਸੈਕਰਾਮੈਂਟੋ ਕਾਉਂਟੀ ਬੋਰਡ ਆਫ ਐਜੂਕੇਸ਼ਨ

**ਬੀਨਾ ਲੇਫਕੋਵਿਟਜ਼ (Bina Lefkovitz), ਪ੍ਰੈਜੀਡੈਂਟ**
ਟਰੱਸਟੀ, ਖੇਤਰ 1

**ੳ. ਅਲਫ੍ਰੇਡ ਬ੍ਰਾਊਨ (O. Alfred Brown), ਸੀਨੀਅਰ, ਵਾਈਸ ਪ੍ਰੈਜੀਡੈਂਟ**
ਟਰੱਸਟੀ, ਖੇਤਰ 5

**ਮਾਰੀਆਨਾ ਕੋਰੋਨਾ ਸਬੇਨਿਆਨੋ (Mariana Corona Sabeniano)**
ਟਰੱਸਟੀ, ਖੇਤਰ 2

**ਪਾਲ ਏ. ਕੀਫਰ (Paul A. Keefer), MBA, Ed.D.**
ਟਰੱਸਟੀ, ਖੇਤਰ 3

**ਜੋਨੇ ਅਹੋਲਾ (Joanne Ahola)**
ਟਰੱਸਟੀ, ਖੇਤਰ 4

**ਹੀਥਰ ਡੇਵਿਸ (Heather Davis)**
ਟਰੱਸਟੀ, ਖੇਤਰ 6

**ਹੈਰੋਲਡ ਫੋਂਗ (Harold Fong), MSW**
ਟਰੱਸਟੀ, ਖੇਤਰ 7

## ਸੈਕਰਾਮੈਂਟੋ ਕਾਉਂਟੀ, ਸਕੂਲਾਂ ਦੇ ਸੁਪਰਿਨਟੈਨਡੰਟ

**ਡੇਵਿਡ ਡਬਲਯੂ. ਗੋਰਡਨ (David W. Gordon)**

SCOE

Sacramento County Office of Education

EDUCATION EMPOWERS

www.scoe.net